# ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵਾਰਾਂ ਦਾ ਰਾਗ-ਪ੍ਰਬੰਧ

ਡਾ. ਸੁਖਦੇਵ ਸਿੰਘ*

ਗੁਰੂ ਗ੍ਰੰਥ ਸਾਹਿਬ ਮੱਧਕਾਲੀਨ ਕਾਲਖੰਡ ਦਾ ਅਜਿਹਾ ਗਿਆਨਮੂਲਕ ਪ੍ਰਵਚਨ ਹੈ ਜੋ ਆਪਣੇ ਅਨੇਕ ਦਿਸ਼ਾਵੀ ਪਾਸਾਰਾਂ ਕਾਰਨ ਮਹੱਤਵ ਦਾ ਧਾਰਨੀ ਹੈ। ਇਸ ਗ੍ਰੰਥ ਦੇ ਰਚਨਾਕਾਰਾਂ ਨੇ ਅਧਿਆਤਮਕ ਚਿੰਤਨ ਦੀ ਅਭਿਵਿਅਕਤੀ ਕਰਨ ਹਿੱਤ ਕਾਵਿ ਨੂੰ ਮਾਧਿਅਮ ਬਣਾਇਆ ਹੈ। ਇਸਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਕਾਵਿ ਅਤੇ ਸੰਗੀਤ ਦੇ ਸੰਯੁਕਤ ਰੂਪ ਦੇ ਮਾਧਿਅਮ ਰਾਹੀਂ ਆਪਣਾ ਭਾਵ ਸੰਚਾਰਿਤ ਕਰਦੀ ਹੈ। ਗੁਰਬਾਣੀ ਵਿਚ ਕਾਵਿ ਅਤੇ ਸੰਗੀਤ ਵੱਖੋ-ਵੱਖਰੀ ਹੋਂਦ ਵਜੋਂ ਨਹੀਂ ਸਗੋਂ ਪੂਰਨ ਸੁਮੇਲ ਦੁਆਰਾ ਇਕ ਦੂਸਰੇ ਦੇ ਪੂਰਕ ਵਜੋਂ ਕਾਰਜਸ਼ੀਲ ਹੁੰਦੇ ਹਨ । ਸੰਗੀਤ ਦੇ ਅੰਤਰਗਤ ਰਾਗ ਅਤਿਅੰਤ ਮਹੱਤਤਾ ਦਾ ਧਾਰਨੀ ਹੈ। ਇਹੀ ਕਾਰਨ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦਾ ਵੱਡਾ ਭਾਗ ਰਾਗਬੱਧ ਬਾਣੀ ਦੇ ਅੰਤਰਗਤ ਆਉਂਦਾ ਹੈ ਜੋ ਇਕੱਤੀ ਰਾਗਾਂ ਵਿਚ ਵੰਡਿਆ ਹੋਇਆ ਹੈ । ਹੱਥਲੇ ਖੋਜ-ਪੱਤਰ ਦਾ ਮਨੋਰਥ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵਾਰਾਂ ਦੇ ਰਾਗ ਪ੍ਰਬੰਧ ਦਾ ਅਧਿਐਨ ਕਰਨਾ ਹੈ ।

ਰਾਗ ਦਾ ਸੰਬੰਧ ਸੰਗੀਤ ਨਾਲ ਹੈ। ਸੰਗੀਤ ਇਕ ਅਜਿਹੀ ਸ਼ਕਤੀ ਹੈ ਜਿਸਦਾ ਇਸ ਬ੍ਰਹਿਮੰਡ ਦੀ ਹਰੇਕ ਵਸਤੂ ਉਪਰ ਪ੍ਰਭਾਵ ਪੈਂਦਾ ਹੈ। ਖ਼ਾਸ ਤੌਰ ਤੇ ਜੀਵੰਤ ਪ੍ਰਾਣੀਆਂ, ਪੌਦਿਆਂ ਉੱਪਰ ਤਾਂ ਇਸਦਾ ਵਿਸ਼ੇਸ਼ ਪ੍ਰਭਾਵ ਦ੍ਰਿਸ਼ਟੀਗੋਚਰ ਹੁੰਦਾ ਹੈ। ਅਸਲ ਵਿਚ 'ਸੰਗੀਤ ਇਕ ਵਿਸ਼ਵ ਵਿਆਪੀ ਕਲਾ ਹੈ। ਇਸਦੇ ਸੱਤ ਸੁਰ ਸਰਬਦੇਸ਼ੀ ਅਰਥਾਤ ਸਮੱਸਤ ਖੰਡਾਂ, ਮੰਡਲਾਂ ਤੇ ਬ੍ਰਹਿਮੰਡਾਂ ਵਿੱਚ ਸਮਾਨ ਹਨ। ਸੰਗੀਤ ਦੇ ਸੁਰ, ਤਾਲ ਅਤੇ ਲੈਯ ਅੰਤਰ-ਰਾਸ਼ਟਰੀ ਹਨ। ਪਰੰਤੂ ਹਰ ਦੇਸ਼ ਦੇ ਲੋਕਾਂ ਦੀ ਪ੍ਰਕ੍ਰਿਤੀ ਰੁਚੀ ਅਤੇ ਰੀਤੀ-ਰਿਵਾਜਾਂ ਦੇ ਪ੍ਰਭਾਵ ਕਾਰਣ ਇਨ੍ਹਾਂ ਦੀ ਪ੍ਰਯੋਗਿਕ ਵਿਧੀ ਵਿਚ ਅੰਤਰ ਹੋ ਜਾਂਦਾ ਹੈ।[1] ਇਹੀ ਕਾਰਨ ਹੈ ਕਿ ਪ੍ਰਾਚੀਨ ਕਾਲ ਤੋਂ ਹੀ ਸੰਗੀਤ ਦੀ ਉਪਯੋਗਤਾ ਨੂੰ ਪਹਿਚਾਣਦਿਆਂ ਹੋਇਆਂ ਇਸਦੇ ਮਹੱਤਵ ਨੂੰ ਸਵੀਕਾਰ ਕੀਤਾ ਜਾਂਦਾ ਰਿਹਾ ਹੈ। ਸੰਗੀਤ ਵਿਚ ਰਾਗ ਦਾ ਬਹੁਤ ਮਹੱਤਵ ਹੈ। ਸੰਗੀਤ ਦੇ ਅੰਤਰਗਤ ਰਾਗ ਨੂੰ ਅਜਿਹੀ ਚੀਜ਼ ਮੰਨਿਆ ਗਿਆ ਹੈ ਜਿਸਦੇ ਸੁਣਨ ਨਾਲ ਮਨ ਵਿੱਚ ਅਨੁਰਾਗ, ਪ੍ਰੇਮ ਦੀ ਭਾਵਨਾ ਉਤਪੰਨ ਹੁੰਦੀ ਹੈ ।'ਸੰਗੀਤ ਨੂੰ ਬਾਕੀ ਕਲਾਵਾਂ ਨਾਲੋਂ ਵਿਭਿੰਨਤਾ ਦਿਵਾਉਣ ਵਾਲਾ ਵਿਸ਼ੇਸ਼ ਕੇਂਦਰਕਾਰੀ ਤੱਤ ਵੀ ਰਾਗ ਹੀ ਹੈ ।ਰਾਗ ਦੁਆਰਾ ਹੀ ਸੰਗੀਤ ਦਾ ਅਮੂਰਤ ਨਾਦਾਤਮਕ ਸਰੂਪ ਦ੍ਰਿਸ਼ਟਮਾਨ ਹੁੰਦਾ ਹੈ। ਰਾਗ ਦੀ ਵਿਸ਼ਿਸ਼ਟ ਰੰਜਕ ਸ਼ਕਤੀ ਤੇ ਅਦੁੱਤੀ ਪ੍ਰਕਾਸ਼ ਦੀ ਅਨੁਭਵਤਾ ਨੂੰ ਸ਼ਬਦਾਂ ਦੁਆਰਾ ਦਰਸਾਉਣਾ ਕਾਫੀ ਕਠਿਨ ਹੁੰਦਾ ਹੈ ।[2] ਰਾਗ ਦਾ ਗਿਆਨ ਵੀ ਮਨੁੱਖ ਦੀ ਚੇਤੰਨਤਾ ਨਾਲ ਸੰਬੰਧ ਰੱਖਦਾ ਹੈ । ਪਹਿਲੇ ਪਹਿਲ ਮਨੁੱਖ ਆਪਣੇ ਅੰਤਰੀਵੀ ਭਾਵਾਂ ਨੂੰ ਪ੍ਰਗਟ ਕਰਨ ਲਈ ਸੰਕੇਤਾਂ ਦਾ ਸਹਾਰਾ ਲਿਆ ਕਰਦਾ ਸੀ । ਇਸਦੇ ਬਾਅਦ ਉਸਨੇ ਆਪਣੀ ਅਵਾਜ਼ ਨਾਲ ਆਪਣੇ ਭਾਵਾਂ ਨੂੰ ਪ੍ਰਗਟ ਕਰਨਾ ਸ਼ੁਰੂ ਕਰ ਦਿੱਤਾ । ਇਸ ਤੋਂ ਅਗਲਾ ਪੜਾਅ ਉਸਦਾ ਆਪਣੀ ਅਵਾਜ਼ ਦੀ ਸ਼ਕਤੀ ਨੂੰ ਪਹਿਚਾਨਣ ਨਾਲ ਸੰਬੰਧਿਤ ਸੀ । 'ਉਸਦਾ (ਮਨੁੱਖ ਦਾ) ਅਗਲਾ ਅਨੁਭਵ ਸੀ ਕਿ ਜੇ 'ਭਾਸ਼ਾ' ਦੇ ਸ਼ਬਦਾਂ ਨੂੰ ਕਿਸੇ ਖਾਸ ਰਹਾਉ ਅਤੇ ਲਹਜੇ ਨਾਲ ਪ੍ਰਗਟਾਇਆ ਜਾਵੇ ਤਾਂ ਉਸਦੀ ਪ੍ਰਭਾਵ ਸ਼ਕਤੀ

---

* ਪ੍ਰੋਜੈਕਟ ਫੈਲੋ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

ਵਿੱਚ ਵੱਖੋ-ਵੱਖਰੇ ਰਹਾਉ ਦੇ ਉਤਾਰ ਚੜ੍ਹਾਉ ਨਾਲ ਵਿਸ਼ੇਸ਼ ਅੰਤਰ ਆਉਂਦੇ ਹਨ । ਮਾਨਵ ਦਾ ਇਹ ਗਿਆਨ ਹੀ 'ਰਾਗ' ਦਾ ਮੂਲ ਰੂਪ ਹੈ ।[3] ਇਸ ਤਰ੍ਹਾਂ ਰਾਗ ਮਨੁੱਖੀ ਮਨ ਚੇਤੰਨਤਾ ਅਤੇ ਵਿਕਾਸ ਦਾ ਪ੍ਰਤੀਕ ਹੋ ਨਿਬੜਦਾ ਹੈ। ਦੁਨੀਆ ਦੇ ਸਭ ਤੋਂ ਪ੍ਰਾਚੀਨ ਮੰਨੇ ਜਾਂਦੇ ਗ੍ਰੰਥ ਰਿਗਵੇਦ ਵਿੱਚ ਅੰਕਿਤ ਮੰਤਰਾਂ ਨੂੰ ਸੁਰ ਲੈਅ (ਰਾਗ) ਵਿੱਚ ਗਾਉਣ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ। ਸਾਮਵੇਦ ਨੂੰ ਤਾਂ ਪੂਰੀ ਤਰ੍ਹਾਂ ਸੰਗੀਤ ਅਥਵਾ ਰਾਗ ਨਾਲ ਸੰਬੰਧਿਤ ਗ੍ਰੰਥ ਮੰਨਿਆ ਜਾਂਦਾ ਹੈ ।ਵੈਦਿਕ ਕਾਲ ਵਿਚ ਰਚਿਆ ਗਿਆ ਇਹ ਗ੍ਰੰਥ ਪੂਰਨ ਰੂਪ ਵਿੱਚ ਸੰਗੀਤ ਵਿੱਦਿਆ ਨਾਲ ਸੰਬੰਧ ਰੱਖਦਾ ਹੈ ।ਇਸ ਵੱਡ ਆਕਾਰੀ ਗ੍ਰੰਥ ਵਿੱਚ ਯੱਗ ਕਰਨ ਸਮੇਂ ਉਚਾਰਨ ਕੀਤੇ ਜਾਂਦੇ ਮੰਤਰਾਂ ਦੇ ਗਾਇਨ ਸੰਬੰਧੀ ਵਿਧੀ-ਵਿਧਾਨ ਨਿਸ਼ਚਤ ਕੀਤਾ ਗਿਆ ਹੈ।ਇਸਦੇ ਬਾਅਦ ਵੀ ਭਾਰਤੀ ਪਰੰਪਰਾ ਵਿੱਚ ਸੰਗੀਤ ਨਾਲ ਸੰਬੰਧਿਤ ਅਨੇਕਾਂ ਗ੍ਰੰਥਾਂ ਦੀ ਰਚਨਾ ਹੁੰਦੀ ਰਹੀ। ਇਸ ਤਰ੍ਹਾਂ ਭਾਰਤੀ ਪਰੰਪਰਾ ਵਿੱਚ ਸੰਗੀਤ ਦੀ ਮਹੱਤਤਾ ਨੂੰ ਪੂਰਨਭਾਂਤ ਸਵੀਕਾਰਿਆ ਗਿਆ ਹੈ। ਰਾਗ ਵਿੱਦਿਆ ਭਾਰਤੀ ਸੰਗੀਤ ਦਾ ਆਧਾਰ ਹੈ। ਪ੍ਰਾਚੀਨ ਭਾਰਤੀ ਸੰਗੀਤ ਆਚਾਰੀਆਂ ਨੇ ਦੋ ਵੱਖ-ਵੱਖ ਆਧਾਰਾਂ ਤੇ ਰਾਗਾਂ ਨੂੰ ਗਾਉਣ ਦਾ ਸਮਾਂ ਨਿਰਧਾਰਿਤ ਕੀਤਾ ਹੈ ।ਇਹ ਦੋ ਆਧਾਰ ਇਸ ਪ੍ਰਕਾਰ ਹਨ:

- ਰੁੱਤ ਆਧਾਰਿਤ
- ਦਿਨ ਦੇ ਵੱਖ-ਵੱਖ ਸਮਿਆਂ ਤੇ ਆਧਾਰਿਤ

ਇਸ ਆਧਾਰ ਤੇ 'ਰਾਗਾਂ ਦੇ ਸਮੇਂ ਦਾ ਨਿਰਧਾਰਣ, ਪਹਿਲਾਂ ਰੁਤਾਂ ਅਨੁਸਾਰ ਕੀਤਾ ਜਾਂਦਾ ਹੈ ।ਇਹ ਰੁਤਾਂ ਛੇ ਹਨ- ਗ੍ਰੀਸ਼ਮ (ਗਰਮੀ), ਪਾਵਸ (ਵਰਖਾ), ਸਰਤ, ਹੇਮੰਤ, ਸ਼ਿਸ਼ਿਰ ਅਤੇ ਬਸੰਤ। ਇਨ੍ਹਾਂ ਰੁਤਾਂ ਅਨੁਸਾਰ ਗਾਏ ਜਾਣ ਵਾਲੇ ਰਾਗਾਂ ਨੂੰ 'ਰੁਤ-ਕਾਲੀਨ-ਰਾਗ' ਕਿਹਾ ਜਾਂਦਾ ਹੈ। ਸਮਾਂ ਨਿਰਧਾਰਿਤ ਕਰਨ ਦਾ ਦੂਜਾ ਤਰੀਕਾ ਹੈ ਪੂਰਵਾਂਗ ਅਤੇ ਉਤਰਾਂਗ ਵਿਚ ਗਾਉਣਾ। ਦਿਨ-ਰਾਤ ਦੇ 24 ਘੰਟਿਆਂ ਵਿੱਚੋਂ ਦਿਨ ਦੇ 12 ਵਜੇ (ਦੁਪਹਿਰ) ਤੋਂ ਰਾਤ ਦੇ 12 ਵਜੇ (ਅੱਧੀ ਰਾਤ) ਤਕ ਦਾ ਸਮਾਂ ਪੂਰਵਾਂਗ ਹੈ ਅਤੇ ਰਾਤ ਦੇ 12 ਵਜੇ ਤੋਂ ਦੂਜੇ ਦਿਨ 12 ਵਜੇ ਤੱਕ ਉਤਰਾਂਗ ਹੈ। ਇਨ੍ਹਾਂ 12,12 ਘੰਟਿਆਂ ਦੇ ਸਮੇਂ ਵਿੱਚ ਹੀ ਹੋਰ ਸਮਾਂ-ਖੰਡ ਬਣਾਏ ਗਏ ਹਨ ।[4] ਇਸ ਤਰ੍ਹਾਂ ਭਾਰਤੀ ਸੰਗੀਤ ਦੇ ਵਿਦਵਾਨਾਂ ਨੇ ਰਾਗਾਂ ਨੂੰ ਉਹਨਾਂ ਦੀ ਪ੍ਰਕਿਰਤੀ ਅਤੇ ਸਰੂਪ ਦੇ ਆਧਾਰ ਤੇ ਵੱਖ-ਵੱਖ ਰੁੱਤਾਂ, ਸਮਿਆਂ ਮੌਕੇ ਗਾਉਣ ਦਾ ਨਿਰਦੇਸ਼ ਦਿੱਤਾ ਹੈ । ਵਿਦਵਾਨਾਂ ਦੁਆਰਾ ਕੀਤੀ ਗਈ ਇਹ ਵਰਗ ਵੰਡ ਪੂਰਨਭਾਂਤ ਨਿਆਂਸੰਗਤ ਹੈ ਕਿਉਂਕਿ ਰਾਗ ਇੱਕ ਅਜਿਹੀ ਸੂਖਮ ਕਲਾ ਹੈ ਜਿਸ ਦਾ ਪ੍ਰਗਟਾਵਾ ਸਹੀ ਸਮੇਂ ਅਤੇ ਠੀਕ ਵਾਤਾਵਰਣ ਵਿੱਚ ਹੀ ਹੋ ਸਕਦਾ ਹੈ। ਜੇਕਰ ਕਿਸੇ ਰਾਗ ਦਾ ਪ੍ਰਤੀਕੂਲ ਵਾਤਾਵਰਣ ਜਾਂ ਬੇਮੌਕੇ ਤੇ ਗਾਇਨ ਕੀਤਾ ਜਾਵੇ ਤਾਂ ਉਸ ਰਾਗ ਦੀ ਮਧੁਰਤਾ ਅਤੇ ਰਸ ਕਾਇਮ ਨਹੀਂ ਰਹੇਗਾ।

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦਾ ਵੱਡਾ ਭਾਗ ਰਾਗ-ਪ੍ਰਬੰਧ ਦੇ ਤਹਿਤ ਸੰਕਲਿਤ ਹੈ । ਗੁਰੂ ਗ੍ਰੰਥ ਸਾਹਿਬ ਦੇ 1430 ਪੰਨਿਆਂ ਵਿਚੋਂ 1340 ਪੰਨੇ (ਪੰਨਾਂ 14 ਤੋਂ 1353 ਤੱਕ) ਰਾਗਬੱਧ ਬਾਣੀ ਨਾਲ ਸੰਬੰਧਿਤ ਹਨ। ਇਹ ਤੱਥ ਗੁਰਬਾਣੀ ਦੇ ਸੰਗੀਤਕ ਪਰਿਪੇਖ ਦੀ ਮਹੱਤਤਾ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ। ਇਸ ਸੰਬੰਧੀ ਡਾ. ਗੁਰਨਾਮ ਸਿੰਘ ਦੀ ਧਾਰਨਾ ਹੈ ਕਿ, "ਗੁਰਬਾਣੀ ਦਾ ਸਮੁੱਚਾ ਰਾਗ ਪ੍ਰਬੰਧ ਅਥਵਾ ਰਾਗ ਵਰਗੀਕਰਨ ਗੁਰਮਤਿ ਸੰਗੀਤ ਵਿਚ ਰਾਗ ਦੇ ਮਹੱਤਵ ਨੂੰ ਹੋਰ ਵੀ ਸਪੱਸ਼ਟ ਕਰਦਾ ਹੈ। ਬਾਣੀ ਦੇ ਭਾਵ ਪ੍ਰਕਾਸ਼ਨ ਲਈ ਗੁਰੂ ਸਾਹਿਬ ਵਿਭਿੰਨ ਰਾਗਾਂ,

ਰਾਗ ਪ੍ਰਕਾਰਾਂ, ਮਿਸ਼ਰਤ ਰਾਗਾਂ, ਮੌਸਮੀ ਰਾਗਾਂ ਅਤੇ ਵਿਭਿੰਨ ਇਲਾਕਾਈ ਰਾਗਾਂ ਦਾ ਪ੍ਰਯੋਗ ਕਰ ਰਹੇ ਹਨ। ਇਹ ਪ੍ਰਯੋਗ ਮਹਿਜ਼ ਸਿਰਲੇਖ ਰੂਪ ਵਿਚ ਅੰਕਣ ਤੱਕ ਹੀ ਸੀਮਤ ਨਹੀਂ ਸਗੋਂ ਇਹ ਵਿਵਹਾਰਕ ਰੂਪ ਵਿਚ ਅਪਣਾਏ ਜਾਣ ਦਾ ਸੰਕੇਤ ਹੈ। ਗੁਰਬਾਣੀ ਦੇ ਰਾਗ ਪ੍ਰਬੰਧ ਨੂੰ ਵਿਵਹਾਰਕ ਰੂਪ ਵਿਚ ਅਪਣਾਉਦਿਆਂ ਸਾਨੂੰ ਇਸ ਭੁਲੇਖੇ ਵਿਚ ਨਹੀਂ ਪੈਣਾ ਚਾਹੀਦਾ ਕਿ ਰਾਗ ਤੋਂ ਭਾਵ ਭਾਰਤੀ ਸੰਗੀਤ ਵਿਚਲੇ ਸ਼ਾਸਤਰੀ ਗਾਇਨ ਜਾਂ ਰਾਗ ਵਿਸਥਾਰ ਤੋਂ ਹੈ। ਸਗੋਂ ਗੁਰਬਾਣੀ ਵਿਚ ਰਾਗ ਨੂੰ ਬਾਣੀ ਵਿਧਾਨ ਦੇ ਅੰਕੁਸ਼ ਦੁਆਰਾ ਇਸਦੇ ਮੂਲ ਕਲਾਮਈ ਆਡੰਬਰੀ ਗੁਣਾ ਤੋਂ ਨਿਵੇਕਲੇ ਰੂਪ ਵਿਚ ਸਵੀਕਾਰ ਕੀਤਾ ਗਿਆ ਹੈ। ਗੁਰਬਾਣੀ ਵਿਚ ਕੇਵਲ ਉਹਨਾਂ ਹੀ ਰਾਗਾਂ ਨੂੰ ਅਪਣਾਇਆ ਗਿਆ ਹੈ ਜਿਹੜੇ ਸਫਲ ਵਿਧੀ ਦੁਆਰਾ ਗੁਰਬਾਣੀ ਦਾ ਭਾਵ ਪ੍ਰਕਾਸ਼ਨ ਕਰ ਸਕਦੇ ਹਨ ।[5] ਇਸ ਲਈ ਗੁਰਬਾਣੀ ਵਿਚ ਵਰਤੇ ਗਏ ਰਾਗਾਂ ਵਿਚ ਇਲਾਕਾਈ ਵਖਰੇਵਿਆਂ ਦੀ ਸੰਕੀਰਨਤਾ ਨੂੰ ਹਾਸ਼ੀਏ ਉੱਪਰ ਰੱਖਦਿਆਂ ਹੋਇਆਂ ਵੱਖ-ਵੱਖ ਇਲਾਕਿਆਂ ਵਿਚ ਪ੍ਰਚਲਿਤ ਰਾਗਾਂ, ਵਿਭਿੰਨ ਗਾਇਨ ਸ਼ੈਲੀਆਂ ਨੂੰ ਖੁਲ੍ਹਦਿਲੀ ਨਾਲ ਵਰਤਿਆ ਗਿਆ ਹੈ।ਇਸਤੋਂ ਇਲਾਵਾ ਸ਼ਾਸਤਰੀ ਸੰਗੀਤ ਅਤੇ ਲੋਕ ਸੰਗੀਤ ਨੂੰ ਸੰਮਿਲਤ ਕਰਨ ਦਾ ਕਾਰਜ ਵੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਕੀਤਾ ਹੈ। ਜੇਕਰ ਗੁਰੂ ਸਾਹਿਬਾਨ ਨੂੰ ਕਿਤੇ ਲੋੜ ਮਹਿਸੂਸ ਹੋਈ ਤਾਂ ਉਹਨਾਂ ਨੇ ਆਪਣੀ ਮੌਲਿਕ ਕਲਾ-ਕੌਸ਼ਲਤਾ ਦਾ ਪ੍ਰਗਟਾਵਾ ਕਰਦਿਆਂ ਨਵੇਂ ਰਾਗਾਂ ਦੀ ਸਿਰਜਣਾ ਦਾ ਕਾਰਜ ਵੀ ਕੀਤਾ ਹੈ ।

ਭਾਵੇਂ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦਾ ਮੂਲ ਉਦੇਸ਼ ਧਾਰਮਿਕ ਪ੍ਰਵਚਨ ਦੀ ਸਿਰਜਣਾ ਕਰਨ ਨਾਲ ਸੰਬੰਧਿਤ ਸੀ ਪਰੰਤੂ ਉਹਨਾਂ ਨੇ ਸਮਕਾਲੀਨ ਸਮਾਜ-ਸਭਿਆਚਾਰਕ ਪਰਿਸਥਿਤੀਆਂ ਨੂੰ ਵਾਚਦਿਆਂ ਹੋਇਆ ਇਸਦੇ ਪ੍ਰਤੀ ਆਲੋਚਨਾਤਮਕ ਪ੍ਰਤੀਉੱਤਰ ਵੀ ਸਿਰਜਿਆ। ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਆਪਣੇ ਭਾਵਾਂ ਦੇ ਪ੍ਰਗਟਾਵੇ ਹਿੱਤ ਵੱਖ-ਵੱਖ ਲੋਕ ਕਾਵਿ-ਰੂਪਾਂ ਅਤੇ ਵਸ਼ਿਸ਼ਟ ਕਾਵਿ-ਰੂਪਾਂ ਦੀ ਵਰਤੋਂ ਕੀਤੀ ਹੈ। ਇੱਥੇ ਇਹ ਤੱਥ ਮਹੱਤਵਪੂਰਨ ਹੈ ਕਿ ਬਾਣੀਕਾਰਾਂ ਨੇ ਭਾਵੇਂ ਪਰੰਪਰਾ ਵਿੱਚ ਮਿਲਦੇ ਲੋਕ ਕਾਵਿ-ਰੂਪ ਅਤੇ ਵਸ਼ਿਸ਼ਟ ਕਾਵਿ-ਰੂਪ ਵਰਤੇ ਹਨ ਪਰੰਤੂ ਉਹਨਾਂ ਨੇ ਆਪਣੀ ਵਿਚਾਰਧਾਰਾ ਦੇ ਪ੍ਰਗਟਾਵੇ ਨੂੰ ਪ੍ਰਮੁਖਤਾ ਪ੍ਰਦਾਨ ਕਰਦਿਆਂ ਇਹਨਾਂ ਵਿੱਚ ਆਪਣੇ ਆਸ਼ੇ ਅਨੁਕੂਲ ਲੋੜੀਂਦੀਆਂ ਤਬਦੀਲੀਆਂ ਵੀ ਕੀਤੀਆਂ । ਇਹ ਤਬਦੀਲੀਆਂ ਰੂਪ ਅਤੇ ਵਿਚਾਰ ਦੋਵਾਂ ਪੱਧਰਾਂ ਉੱਪਰ ਹੋਈਆਂ ਹਨ ।ਗੁਰੂ ਗ੍ਰੰਥ ਸਾਹਿਬ ਵਿੱਚ ਵਰਤੇ ਗਏ ਲੋਕ ਕਾਵਿ-ਰੂਪਾਂ ਜਿੰਨ੍ਹਾਂ ਵਿੱਚ ਬਾਣੀਕਾਰਾਂ ਨੇ ਇਹ ਤਬਦੀਲੀਆਂ ਲਿਆਂਦੀਆਂ ਵਿਚੋਂ ਵਾਰ ਲੋਕ ਕਾਵਿ-ਰੂਪ ਇੱਕ ਮਹੱਤਵਪੂਰਨ ਕਾਵਿ-ਰੂਪ ਹੈ ।

ਵਾਰ ਇਕ ਅਜਿਹਾ ਪ੍ਰਸਿਧ ਲੋਕ ਕਾਵਿ-ਰੂਪ ਹੈ ਜਿਸਦੀ ਵਰਤੋਂ ਮੱਧਕਾਲ ਵਿੱਚ ਵੱਡੀ ਮਾਤਰਾ ਵਿੱਚ ਹੁੰਦੀ ਰਹੀ ਹੈ । ਮੂਲ ਰੂਪ ਵਿੱਚ ਵਾਰ ਇਕ ਲੋਕ ਕਾਵਿ-ਰੂਪ ਹੈ ਪਰੰਤੂ ਕਾਲਾਂਤਰ ਵਿੱਚ ਇਹ ਇਕ ਵਸ਼ਿਸ਼ਟ ਕਾਵਿ-ਰੂਪ ਦੇ ਤੌਰ ਤੇ ਸਥਾਪਿਤ ਹੋ ਗਿਆ ।ਇਸ ਕਾਵਿ-ਰੂਪ ਬਾਰੇ ਡਾ. ਰਤਨ ਸਿੰਘ ਜੱਗੀ ਦੀ ਧਾਰਨਾ ਹੈ ਕਿ ‘ਲੋਕ ਪਰੰਪਰਾ ’ਤੇ ਅਧਾਰਿਤ ‘ਵਾਰ’ ਪੰਜਾਬੀ ਭਾਸ਼ਾ ਦੇ ਇਕ ਕਾਵਿ-ਰੂਪ ਦਾ ਨਾਂ ਹੈ। ਅਨੇਕ ਵਿਦਵਾਨਾਂ ਵੱਲੋਂ ‘ਵਾਰ’ ਸ਼ਬਦ ਦੇ ਕੀਤੇ ਅਰਥਾਂ ਦੇ ਪ੍ਰਕਾਸ਼ ਵਿੱਚ ਵਾਰ ਦੀ ਪਰਿਭਾਸ਼ਾ ਇਸ ਪ੍ਰਕਾਰ ਬਣਦੀ ਹੈ-‘ਉਹ ਕਾਵਿਮਈ ਉਤਸ਼ਾਹ ਵਰਧਕ ਵਾਰਤਾ, ਜਿਸ ਵਿਚ ਕਿਸੇ ਆਕ੍ਰਮਣ ਜਾਂ ਸੰਘਰਸ਼ ਦੇ ਪ੍ਰਸੰਗ ਵਿਚ ਨਾਇਕ ਦਾ ਯਸ਼ ਗਾਇਆ ਗਿਆ ਹੋਵੇ ।’ ਇਸ ਵਿਚ ਆਮ ਤੌਰ ਤੇ ਵੀਰ ਰਸ ਦੀ ਪ੍ਰਧਾਨਤਾ ਹੁੰਦੀ ਹੈ ਅਤੇ ਇਸ ਨੂੰ ਗਾਉਣ ਵਾਲੇ ਅਤੇ ਕਿਸੇ ਹੱਦ ਤੱਕ ਰਚੇਤਾ ਵੀ ਭੱਟ ਜਾਂ ਢਾਢੀ ਹੁੰਦੇ ਹਨ ।[6] ਗੁਰੂ ਨਾਨਕ ਦੇਵ ਜੀ ਦੇ ਸਮੇਂ ਤੱਕ ਵਾਰ ਕਾਵਿ-ਰੂਪ ਆਮ ਲੋਕਾਂ ਵਿਚ

ਬਹੁਤ ਪ੍ਰਚਲਿਤ ਹੋ ਚੁੱਕਾ ਸੀ ।ਕਿਉਂਕਿ ਗੁਰੂ ਨਾਨਕ ਦੇਵ ਜੀ ਨੇ ਆਪਣੀ ਵਿਚਾਰਧਾਰਾ ਦਾ ਫੈਲਾਉ ਜਨਸਧਾਰਣ ਵਿਚ ਕਰਨਾ ਸੀ ਇਸ ਲਈ ਉਹਨਾਂ ਨੇ ਨਾ ਕੇਵਲ ਜਨਸਧਾਰਣ ਦੇ ਮੁਹਾਵਰੇ ਵਿਚ ਹੀ ਗੱਲ ਕੀਤੀ ਸਗੋਂ ਅਜਿਹੇ ਕਾਵਿ-ਰੂਪਾਂ ਦੀ ਚੋਣ ਵੀ ਕੀਤੀ ਜੋ ਆਮ ਲੋਕਾਂ ਵਿਚ ਬਹੁਤ ਪ੍ਰਚਲਿਤ ਸਨ। ਅਜਿਹੇ ਲੋਕ ਕਾਵਿ-ਰੂਪਾਂ ਵਿੱਚੋਂ ਇੱਕ ਲੋਕ ਕਾਵਿ-ਰੂਪ ਵਾਰ ਵੀ ਸੀ ਜਿਸਦੀ ਲੋਕਪ੍ਰਿਅਤਾ ਨੂੰ ਵੇਖਦਿਆਂ ਗੁਰੂ ਨਾਨਕ ਦੇਵ ਜੀ ਨੇ ਇਸ ਨੂੰ ਆਪਣੇ ਭਾਵਾਂ ਦੇ ਪ੍ਰਗਟਾਵੇ ਲਈ ਚੁਣਿਆਂ। ਗੁਰੂ ਨਾਨਕ ਦੇਵ ਜੀ ਦੇ ਪਰਵਰਤੀ ਗੁਰੂ ਸਾਹਿਬਾਨ ਨੇ ਵੀ ਉਹਨਾਂ ਦੇ ਦਰਸਾਏ ਮਾਰਗ ਤੇ ਚਲਦਿਆਂ ਵਾਰ ਕਾਵਿ-ਰੂਪ ਦੀ ਆਪਣੇ ਭਾਵਾਂ ਦੇ ਪ੍ਰਗਟਾਵੇ ਹਿੱਤ ਭਰਪੂਰ ਵਰਤੋਂ ਕੀਤੀ ।ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵਾਰਾਂ ਨੂੰ ਅਧਿਆਤਮਕ ਵਾਰਾਂ ਦੇ ਤੌਰ ਤੇ ਵੀ ਜਾਣਿਆ ਜਾਂਦਾ ਹੈ ਕਿਉਂਕਿ ਇਹਨਾਂ ਵਿੱਚ ਟੱਕਰ ਜਾਂ ਯੁੱਧ ਲੌਕਿਕ ਪੱਧਰ 'ਤੇ ਨਹੀਂ ਵਾਪਰਦਾ ਸਗੋਂ ਇਹ ਵਰਤਾਰਾ ਪਾਰਲੌਕਿਕ ਸੰਦਰਭਾਂ ਨਾਲ ਜਾ ਜੁੜਦਾ ਹੈ ।ਜਿੱਥੇ ਗੁਰੂ ਨਾਨਕ ਦੇਵ ਜੀ ਨੇ ਇਸ ਲੋਕ ਕਾਵਿ-ਰੂਪ ਵਿੱਚ ਵਿਚਾਰਧਾਰਾਈ ਤਬਦੀਲੀ ਦਾ ਕਾਰਜ ਕੀਤਾ ਉੱਥੇ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੇ ਸੰਪਾਦਨ ਸਮੇਂ ਇਸ ਵਿੱਚ ਰੂਪਗਤ ਪਰਿਵਰਤਨ ਲਿਆਉਂਦਿਆਂ ਇਸ ਕਾਵਿ-ਰੂਪ ਵਿੱਚ ਸਲੋਕਾਂ ਨੂੰ ਵੀ ਸ਼ਾਮਿਲ ਕਰ ਦਿੱਤਾ ।ਇਸ ਤਰ੍ਹਾਂ ਜਿੱਥੇ ਪਰੰਪਰਾ ਵਿੱਚ ਵਾਰ ਪਉੜੀਆਂ ਵਿਚ ਰਚੀ ਜਾਂਦੀ ਸੀ ਉੱਥੇ ਗੁਰੂ ਗ੍ਰੰਥ ਸਾਹਿਬ ਵਿੱਚ ਇਸਦਾ ਸਰੂਪ ਸਲੋਕ-ਪਉੜੀਬੰਧ ਵਾਲਾ ਹੋ ਗਿਆ ।ਗੁਰੂ ਗ੍ਰੰਥ ਸਾਹਿਬ ਵਿਚ ਬਾਈ ਅਧਿਆਤਮਕ ਵਾਰਾਂ ਦਰਜ ਹਨ ਇਸ ਕਾਵਿ-ਰੂਪ ਨੂੰ ਆਪਣੇ ਭਾਵਾਂ ਦੇ ਪ੍ਰਗਟਾਵੇ ਦਾ ਮਾਧਿਅਮ ਬਣਾਉਣ ਵਾਲੇ ਬਾਣੀਕਾਰਾਂ ਵਿਚ ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਅਤੇ ਸੱਤਾ ਤੇ ਬਲਵੰਡ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਅਧਿਆਤਮਕ ਵਾਰਾਂ ਦਾ ਵੇਰਵਾ ਨਿਮਨਅੰਕਿਤ ਅਨੁਸਾਰ ਹੈ :

1. ਸਿਰੀ ਰਾਗ ਕੀ ਵਾਰ ਮਹਲਾ 4
2. ਵਾਰ ਮਾਝ ਕੀ ਮਹਲਾ 1
3. ਗਉੜੀ ਕੀ ਵਾਰ ਮਹਲਾ4
4. ਗਉੜੀ ਕੀ ਵਾਰ ਮਹਲਾ 5
5. ਆਸਾ ਮਹਲਾ 1ਵਾਰ ਸਲੋਕਾਂ ਨਾਲਿ
6. ਗੂਜਰੀ ਕੀ ਵਾਰ ਮਹਲਾ 3
7. ਗੂਜਰੀ ਕੀ ਵਾਰ ਮਹਲਾ 5
8. ਬਿਹਾਗੜੇ ਕੀ ਵਾਰ ਮਹਲਾ 4
9. ਵਡਹੰਸ ਕੀ ਵਾਰ ਮਹਲਾ 4
10. ਸੋਰਠਿ ਕੀ ਵਾਰ ਮਹਲਾ 4 ਕੀ

11. ਜੈਤਸਰੀ ਮਹਲਾ 5 ਵਾਰ

12. ਵਾਰ ਸੂਹੀ ਕੀ ਮਹਲਾ 3

13. ਬਿਲਾਵਲ ਕੀ ਵਾਰ ਮਹਲਾ 4

14. ਰਾਮਕਲੀ ਕੀ ਵਾਰ ਮਹਲਾ 3

15. ਰਾਮਕਲੀ ਕੀ ਵਾਰ ਮਹਲਾ 5

16. ਰਾਮਕਲੀ ਕੀ ਵਾਰ ਰਾਇ ਬਲਵੰਡ ਤਥਾ ਸਤੈ ਡੂਮਿ ਆਖੀ

17. ਮਾਰੂ ਵਾਰ ਮਹਲਾ 3

18. ਮਾਰੂ ਵਾਰ ਮਹਲਾ 5 ਡੱਖਣੇ

19. ਬਸੰਤ ਕੀ ਵਾਰ ਮਹਲਾ 5

20. ਸਾਰੰਗ ਕੀ ਵਾਰ ਮਹਲਾ 4

21. ਵਾਰ ਮਲਾਰ ਕੀ ਮਹਲਾ 1

22. ਕਾਨੜੇ ਕੀ ਵਾਰ ਮਹਲਾ 4

ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਉਪਰੋਕਤ ਬਾਈ ਵਾਰਾਂ ਸਤਾਰਾਂ ਰਾਗਾਂ ਵਿੱਚ ਰਚੀਆਂ ਗਈਆਂ ਹਨ। ਇਹਨਾਂ ਵਿੱਚੋਂ ਸਭ ਤੋਂ ਵੱਧ ਜਿਸ ਰਾਗ ਦਾ ਪ੍ਰਯੋਗ ਹੋਇਆ ਹੈ ਉਹ ਰਾਮਕਲੀ ਰਾਗ ਹੈ । ਇਸ ਰਾਗ ਵਿੱਚ ਤਿੰਨ ਵਾਰਾਂ (ਰਾਮਕਲੀ ਕੀ ਵਾਰ ਮਹਲਾ 3,ਰਾਮਕਲੀ ਕੀ ਵਾਰ ਮਹਲਾ 5,ਰਾਮਕਲੀ ਕੀ ਵਾਰ ਰਾਇ ਬਲਵੰਡ ਤਥਾ ਸਤੈ ਡੂਮਿ ਆਖੀ) ਰਚੀਆਂ ਗਈਆਂ ਹਨ ।ਇਸਤੋਂ ਇਲਾਵਾ ਰਾਗ ਗਉੜੀ ਵਿੱਚ ਦੋ (ਗਉੜੀ ਕੀ ਵਾਰ ਮਹਲਾ 4,ਗਉੜੀ ਕੀ ਵਾਰ ਮਹਲਾ 5) ਗੂਜਰੀ ਰਾਗ ਵਿੱਚ ਦੋ (ਗੂਜਰੀ ਕੀ ਵਾਰ ਮਹਲਾ 3 ਗੂਜਰੀ ਕੀ ਵਾਰ ਮਹਲਾ 5) ਅਤੇ ਮਾਰੂ ਰਾਗ ਵਿੱਚ ਦੋ (ਮਾਰੂ ਵਾਰ ਮਹਲਾ 3,ਮਾਰੂ ਵਾਰ ਮਹਲਾ 5 ਡੱਖਣੇ) ਵਾਰਾਂ ਰਚੀਆਂ ਗਈਆਂ ਹਨ। ਬਾਕੀ ਰਾਗਾਂ ਵਿੱਚ ਇੱਕ-ਇੱਕ ਵਾਰ ਦੀ ਰਚਨਾ ਕੀਤੀ ਗਈ ਹੈ। ਭਾਵੇਂ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੇ ਸੰਪਾਦਨ ਸਮੇਂ ਇਸ ਗ੍ਰੰਥ ਵਿੱਚ ਅੰਕਿਤ ਵਾਰਾਂ ਨੂੰ ਪਰੰਪਰਾਗਤ ਲੋਕ ਵਾਰਾਂ ਦੀਆਂ ਧੁਨੀਆਂ ਉਪਰ ਗਾਉਣ ਦਾ ਨਿਰਦੇਸ਼ ਦਿੱਤਾ ਪਰੰਤੂ ਇਹ ਸਿਧਾਂਤ ਇਸ ਗ੍ਰੰਥ ਵਿੱਚ ਦਰਜ ਸਮੁੱਚੀਆਂ ਵਾਰਾਂ ਉੱਪਰ ਲਾਗੂ ਨਹੀਂ ਹੁੰਦਾ ।ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 22 ਅਧਿਆਤਮਕ ਵਾਰਾਂ ਵਿੱਚੋਂ ਕੇਵਲ ਨੌਂ ਵਾਰਾਂ ਨੂੰ ਪਰੰਪਰਾਗਤ ਲੋਕ ਵਾਰਾਂ ਦੀਆਂ ਧੁਨੀਆਂ ਉੱਪਰ ਗਾਉਣ ਦਾ ਆਦੇਸ਼ ਦਿੱਤਾ ਗਿਆ ਹੈ ।ਇਹ ਨੌਂ ਵਾਰਾਂ ਇਸ ਪ੍ਰਕਾਰ ਹਨ:

1. ਵਾਰ ਮਾਝ ਕੀ ਮਹਲਾ 1 ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ

2. ਗਉੜੀ ਕੀ ਵਾਰ ਮਹਲਾ 5 ਰਾਇ ਕਮਾਲ ਮਉਜ ਕੀ ਧੁਨੀ

3. ਆਸਾ ਮਹਲਾ 1ਵਾਰ ਸਲੋਕਾਂ ਨਾਲਿ ਟੁੰਡੈ ਅਸਰਾਜੇ ਕੀ ਧੁਨੀ ਪਰ ਗਾਵਣੀ

4. ਗੂਜਰੀ ਕੀ ਵਾਰ ਮਹਲਾ 3 ਸਿਕੰਦਰ ਇਬਰਾਹੀਮ ਕੀ ਧੁਨੀ ਪਰ ਗਾਵਣੀ

5. ਵਡਹੰਸ ਕੀ ਵਾਰ ਮਹਲਾ 4 ਲਲਾ ਬਹਿਲੀਮਾਂ ਕੀ ਧੁਨਿ ਗਾਵਣੀ

6. ਰਾਮਕਲੀ ਕੀ ਵਾਰ ਮਹਲਾ 3 ਜੋਧੈ ਵੀਰੈ ਪੂਰਬਾਣੀ ਕੀ ਧੁਨੀ

7. ਸਾਰੰਗ ਕੀ ਵਾਰ ਮਹਲਾ 4 ਰਾਇ ਮਹਿਮੇ ਹਸਨੇ ਕੀ ਧੁਨਿ

8. ਵਾਰ ਮਲਾਰ ਕੀ ਮਹਲਾ 1 ਰਾਣੇ ਕੈਲਾਸ਼ ਤਥਾ ਮਾਲਦੇਉ ਕੀ ਧੁਨੀ

9. ਕਾਨੜੇ ਕੀ ਵਾਰ ਮਹਲਾ 4 ਮੂਸੇ ਕੀ ਵਾਰ ਕੀ ਧੁਨੀ

ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਮੱਧਕਾਲੀਨ ਕਾਲਖੰਡ ਵਿੱਚ ਹਾਸ਼ੀਆਗਤ (ਸੁਬਓਲਟਣਰਨ) ਵਿਸ਼ਾਲ ਜਨਸਮੂਹ ਨੂੰ ਸੰਬੋਧਿਤ ਹੋ ਕੇ ਬਾਣੀ ਸਿਰਜਣਾ ਦਾ ਕਾਰਜ ਕਰ ਰਹੇ ਸਨ ।ਬਾਣੀਕਾਰਾਂ ਨੇ ਹਰੇਕ ਉਸ ਵਿਧੀ, ਢੰਗ-ਤਰੀਕਿਆਂ ਦਾ ਪ੍ਰਯੋਗ ਕੀਤਾ ਜਿਸ ਨਾਲ ਉਹ ਆਮ ਲੋਕਾਂ ਤੱਕ ਆਪਣੇ ਭਾਵਾਂ, ਵਿਚਾਰਾਂ ਨੂੰ ਪਹੁੰਚਾ ਸਕਣ। ਇਸ ਮਨੋਰਥ ਦੀ ਪੂਰਤੀ ਹਿੱਤ ਉਹਨਾਂ ਨੇ ਕਾਵਿ ਅਤੇ ਸੰਗੀਤ ਦਾ ਸੁਮੇਲ ਕਰਕੇ ਆਪਣੇ ਭਾਵਾਂ ਦਾ ਪ੍ਰਗਟਾਵਾ ਕੀਤਾ ।ਇੱਥੇ ਇਹ ਤੱਥ ਯਾਦ ਰੱਖਣਯੋਗ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਭਾਵੇਂ ਪਰੰਪਰਾ ਵਿਚ ਪ੍ਰਾਪਤ ਕਾਵਿ-ਰੂਪਾਂ ਅਤੇ ਸੰਗੀਤ ਸ਼ੈਲੀਆਂ ਦਾ ਪ੍ਰਯੋਗ ਕੀਤਾ ਪਰੰਤੂ ਆਪਣੀ ਵਿਲੱਖਣਤਾ ਦਾ ਪ੍ਰਗਟਾਵਾ ਕਰਦਿਆਂ ਉਹ ਇਹਨਾਂ ਵਿਚ ਕਈ ਤਬਦੀਲੀਆਂ ਵੀ ਕਰਦੇ ਹਨ। ਇਸ ਤਬਦੀਲੀ ਦਾ ਵਰਤਾਰਾ ਗੁਰਮਤਿ ਸੰਗੀਤ ਦਾ ਵਿਵੇਚਨ ਕਰਦਿਆ ਪ੍ਰਤੱਖ ਤੌਰ ਤੇ ਉਜਾਗਰ ਹੋ ਜਾਂਦਾ ਹੈ । 'ਗੁਰਮਤਿ ਸੰਗੀਤ ਪਰੰਪਰਾ ਦਾ ਮੁਖ ਉਦੇਸ਼ ਜਨ ਸਧਾਰਣ ਤੱਕ ਅਧਿਆਤਮਕ ਮੰਡਲਾਂ ਦੇ ਰਹੱਸਾਂ ਨੂੰ ਪਹੁੰਚਾਉਣਾ ਅਤੇ ਜੀਵਨ-ਜਾਚ ਸਿਖਾਉਣਾ ਸੀ ।ਗੁਰੂਆਂ ਨੇ ਇਸ ਮੰਤਵ ਲਈ ਜਨ ਸਧਾਰਣ ਨੂੰ ਉਪਦੇਸ਼ ਦੇਣ ਲਈ ਉਸ ਦੇ ਮਨਭਾਉਂਦੇ ਕਾਵਿ-ਰੂਪਾਂ ਅਤੇ ਗਾਇਨ ਸ਼ੈਲੀਆਂ ਦਾ ਵਿਸ਼ੇਸ਼ ਨਿਯਮਾਂ ਅਨੁਸਾਰ ਪ੍ਰਯੋਗ ਕੀਤਾ। ਲੋਕ ਕਾਵਿ-ਰੂਪਾਂ ਦੀਆਂ ਅਨੇਕਾਂ ਗਾਇਨ ਸ਼ੈਲੀਆਂ ਨੂੰ ਉਹਨਾਂ ਸੰਬੰਧਿਤ ਰਾਗਾਂ ਦੇ ਸਿਰਲੇਖ ਅਧੀਨ ਅੰਕਿਤ ਕੀਤਾ ।[7] ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵਾਰਾਂ ਨੂੰ ਲੋਕ ਧੁਨਾਂ ਉੱਪਰ ਗਾਉਣ ਦਾ ਨਿਰਦੇਸ਼ ਇਸੇ ਮਕਸਦ ਦੀ ਪੂਰਤੀ ਨੂੰ ਅਭਿਵਿਅੰਜਿਤ ਕਰਦਾ ਹੈ ।'ਗੁਰਬਾਣੀ ਵਿਚਲੀਆਂ ਵੱਖ-ਵੱਖ ਵਾਰਾਂ ਉੱਤੇ ਦਿੱਤੇ ਗਏ ਇਹ ਸਿਰਲੇਖ ਸਨਾਤਨੀ ਅਤੇ ਦੇਸੀ ਕਿਸਮ ਦੇ ਰਾਗਾਂ ਦੀਆਂ ਵਾਰਾਂ ਉੱਪਰ ਦਿੱਤੇ ਗਏ ਹਨ ।ਜਿਸ ਤੋਂ ਵਾਰਾਂ ਦੀਆਂ ਇਹਨਾਂ ਧੁਨਾਂ ਦੇ ਦਿੱਤੇ ਗਏ ਸਿਰਲੇਖਾਂ ਦੇ ਸੁਤੰਤਰ ਸਰੂਪ ਹੋਣ ਵੱਲ ਸਪੱਸ਼ਟ ਸੰਕੇਤ ਮਿਲਦਾ ਹੈ ਜਿਸਨੂੰ ਇਹਨਾਂ ਦੇ ਵਿਵਹਾਰਕ ਸਰੂਪ ਤੋਂ ਹੀ ਪਹਿਚਾਣਿਆ ਜਾ ਸਕਦਾ ਹੈ ।ਉਕਤ ਪ੍ਰਕਿਰਿਆ ਵਿਚ ਵਾਰ, ਧੁਨ/ਧੁਨੀ ਅਤੇ ਰਾਗ ਜੋ ਸੰਗੀਤ ਦੀਆਂ ਵੱਖੋ-ਵੱਖਰੀਆਂ ਇਕਾਈਆਂ ਹਨ, ਦਾ ਸੰਯੁਕਤ ਰੂਪ ਵਿਚ ਅੰਕਣ ਗੁਰੂ ਸਾਹਿਬਾਨ ਦੇ ਨਿਵੇਕਲੇ ਸਰੂਪ ਦਾ ਲਖਾਇਕ ਹੈ ।ਗੁਰਮਤਿ ਸੰਗੀਤ ਵਿਚ ਸ਼ਾਸਤਰੀ ਅਤੇ ਲੋਕ ਅੰਗ ਦੇ ਗਾਇਨ ਰੂਪਾਂ ਦਾ ਇਸ ਮੌਲਿਕ ਸੰਗੀਤ ਪ੍ਰਬੰਧ ਅਧੀਨ ਪ੍ਰਯੋਗ ਦੀ ਇਹ ਸਪੱਸ਼ਟ ਉਦਾਹਰਣ ਹੈ ਜਿਸ ਅਧੀਨ ਵਾਰ ਵਰਗੇ

ਲੋਕ ਕਾਵਿ-ਰੂਪ ਵਿਚ ਗੁਰੂ ਸਾਹਿਬਾਨ ਨੇ ਬਾਣੀ ਦੀ ਰਚਨਾ ਕੀਤੀ ਹੈ ਅਤੇ ਵਾਰ ਕਾਵਿ/ਗਾਇਨ ਰੂਪ ਦੇ ਸਭਿਆਚਾਰਕ ਅਧਾਰ ਸਰੋਤਾਂ ਦੇ ਪਰੰਪਰਾਗਤ ਸਰੂਪ ਨੂੰ ਵੀ ਵਿਵਹਾਰਕ ਪਰਿਮਾਣਕਤਾ ਦਿੱਤੀ ਗਈ ਹੈ ਨਾਲ ਹੀ ਸਨਾਤਨੀ ਦੇਸੀ ਰਾਗਾਂ ਦੇ ਸੁਰਾਤਮਕ ਪੈਟਰਨ ਭਾਵ ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਰਾਮਕਲੀ, ਸਾਰੰਗ, ਮਲਾਰ, ਕਾਨੜਾ ਵਰਗੇ ਰਾਗਾਂ ਦਾ ਪ੍ਰਯੋਗ ਕਰਦਿਆਂ ਵਾਰ ਗਾਇਨ ਨੂੰ ਗੁਰਮਤਿ ਸੰਗੀਤ ਦੇ ਰਾਗ ਵਿਧਾਨ ਦਾ ਅਨੁਸਾਰੀ ਵੀ ਬਣਾਇਆ ਹੈ ।[8] ਇਸ ਪ੍ਰਸੰਗ ਵਿਚ ਗੁਰਮਤਿ ਸੰਗੀਤ ਵਿਲੱਖਣ ਚਰਿੱਤਰ ਦਾ ਧਾਰਨੀ ਬਣਦਾ ਪ੍ਰਤੀਤ ਹੁੰਦਾ ਹੈ ।

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਈ ਵਾਰਾਂ ਵਿਚੋਂ ਤਿੰਨ ਵਾਰਾਂ ਰਾਮਕਲੀ ਰਾਗ ਵਿੱਚ ਰਚੀਆਂ ਗਈਆਂ ਹਨ ।ਰਾਮਕਲੀ ਰਾਗ ਇਕ ਪ੍ਰਾਚੀਨ ਅਤੇ ਪ੍ਰਸਿਧ ਰਾਗ ਹੈ ।'ਗ੍ਰੰਥਕਾਰਾਂ ਨੇ ਰਾਮਕਲੀ ਰਾਗ ਦਾ ਵਰਗੀਕਰਣ ਭੈਰਵ ਥਾਟ ਦੇ ਅੰਤਰਗਤ ਕੀਤਾ ਹੈ ।ਗਾਗਾਂਕ ਪੱਧਤੀ ਦੇ ਪਗ ਚਿੰਨ੍ਹਾਂ 'ਤੇ ਚਲਣ ਵਾਲੇ ਸੰਗੀਤਕਾਰ ਵੀ ਇਸ ਨੂੰ ਭੈਰਵ ਅੰਗ ਦਾ ਰਾਗ ਸਵੀਕਾਰਦੇ ਹਨ ।ਇਸ ਰਾਗ ਦੇ ਨਾਦਾਤਮਕ ਸਰੂਪ ਵਿਚ ਰਿਸ਼ਭ ਧੈਵਤ ਕੋਮਲ, ਦੋ ਮੱਧਿਅਮ ਦੋ ਨਿਸ਼ਾਦ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ ।ਇਸ ਰਾਗ ਦੇ ਆਰੋਹ ਵਿਚ ਆਮ ਤੌਰ 'ਤੇ ਰਿਸ਼ਭ ਸੁਰ ਦਾ ਤਿਆਗ ਕੀਤਾ ਜਾਂਦਾ ਹੈ ਅਤੇ ਅਵਰੋਹ ਵਿਚ ਸੱਤ ਸੁਰ ਵਕਰ ਢੰਗ ਨਾਲ ਵਰਤੇ ਜਾਂਦੇ ਹਨ ਇਸ ਲਈ ਜਾਤੀ ਸ਼ਾਡਵ-ਵਕਰ ਸੰਪੂਰਣ ਮੰਨੀ ਜਾਂਦੀ ਹੈ ।ਇਸ ਦੇ ਗਾਉਣ ਦਾ ਸਮਾਂ ਸਵੇਰ ਦਾ ਪਹਿਲਾ ਪਹਿਰ ਹੈ ।ਸਿੱਖ ਸੰਪਰਦਾ ਵਿਚ ਇਸ ਰਾਗ ਦਾ ਗਾਇਨ ਸਮਾਂ ਸੂਰਜ ਚੜ੍ਹਨ ਤੋਂ ਪਹਿਲਾਂ ਮੰਨਿਆਂ ਜਾਂਦਾ ਹੈ ।[9] ਇਸ ਰਾਗ ਵਿਚ ਰਚਿਤ 'ਰਾਮਕਲੀ ਕੀ ਵਾਰ ਮਹਲਾ 3 ਜਿਸਨੂੰ ਕਿ 'ਜੋਧੈ ਵੀਰੈ ਪੂਰਬਾਣੀ ਕੀ ਧੁਨੀ' ਉੱਪਰ ਗਾਉਣ ਦਾ ਨਿਰਦੇਸ਼ ਕੀਤਾ ਗਿਆ ਹੈ ਵਿਚ ਗੁਰੂ ਅਮਰਦਾਸ ਨੇ ਪਰਮਾਤਮਾ ਦੁਆਰਾ ਇਸ ਬ੍ਰਹਿਮੰਡ ਦੀ ਸਿਰਜਣਾ ਕਰਨ ਅਤੇ ਫਿਰ ਖ਼ੁਦ ਇਸ ਵਿਚ ਵਿਆਪਤ ਹੋਣ ਬਾਰੇ ਦੱਸਿਆ ਹੈ ।ਪਰਮਾਤਮਾ ਸਮੂਹ ਜੀਵਾਂ ਨੂੰ ਆਪਣੇ ਹੁਕਮ ਵਿਚ ਰੱਖਦਾ ਹੈ ਅਤੇ ਉਸਦੀ ਮਿਹਰ ਤੋਂ ਬਗੈਰ ਪਰਮਾਤਮਾ ਦੀ ਭਗਤੀ ਵਾਲੇ ਪਾਸੇ ਨਹੀਂ ਲੱਗਿਆ ਜਾ ਸਕਦਾ ।ਕੇਵਲ ਗੁਰਮੁਖ ਵਿਅਕਤੀ ਹੀ ਪਰਮਾਤਮਾ ਦੀ ਬੰਦਗ਼ੀ ਵਿਚ ਲੀਨ ਹੁੰਦੇ ਹਨ ਜਦਕਿ ਇਸਦੀ ਨਿਸਬਤ ਮਨਮੁਖ ਵਿਅਕਤੀ ਸਦਾ ਆਪਣੇ ਮਨ ਦੇ ਪਿੱਛੇ ਲੱਗਾ ਹੋਇਆ ਮੋਹ ਮਾਇਆ ਵਿਚ ਖ਼ਚਿਤ ਰਹਿੰਦਾ ਹੈ ।ਪਰਮਾਤਮਾ ਨਾਲ ਮਨੁੱਖ ਦਾ ਪ੍ਰੇਮ ਤਾਂ ਹੀ ਪੈ ਸਕਦਾ ਹੈ ਜੇਕਰ ਉਹ ਮਨੁੱਖ ਅਤੇ ਪਰਮਾਤਮਾ ਦੇ ਮਿਲਾਪ ਵਿਚ ਬਣਦੀ ਵਿਘਨਕਾਰੀ ਸ਼ਕਤੀ ਅਰਥਾਤ ਮਾਇਆ ਤੋਂ ਨਿਰਲੇਪ ਰਹਿਕੇ ਹਉਮੈ ਅਤੇ ਹੋਰਨਾਂ ਵਿਕਾਰਾਂ ਦਾ ਤਿਆਗ ਕਰਕੇ ਸੱਚੇ ਗੁਰੂ ਦੀ ਸੇਵਾ ਵਿਚ ਲੀਨ ਰਹੇ ।ਇਸੇ ਪ੍ਰਕਾਰ ਗੁਰੂ ਅਰਜਨ ਦੇਵ ਰਚਿਤ ਰਾਮਕਲੀ ਕੀ ਵਾਰ ਮਹਲਾ 5 ਵਿਚ ਵੀ ਗੁਰੂ ਅਰਜਨ ਦੇਵ ਜੀ ਨੇ ਗੁਰਮਤਿ ਵਿਚਾਰਧਾਰਾ ਦੇ ਕਈ ਪਰਿਪੇਖਾਂ ਨੂੰ ਪ੍ਰਸਤੁਤ ਕੀਤਾ ਹੈ ।ਪਰਮਾਤਮਾ ਦੀ ਉਸਤਿਤ ਕਰਦਿਆਂ ਉਸਦੀ ਕਿਰਪਾ ਦ੍ਰਿਸ਼ਟੀ ਸੰਬੰਧੀ ਵਿਚਾਰ ਕੀਤੀ ਗਈ ਹੈ ।ਗੁਰੂ ਦੇ ਦਰਸਾਏ ਮਾਰਗ ਉੱਪਰ ਚੱਲਦਿਆਂ ਅਤੇ ਸਾਧਸੰਗਤਿ ਕਰਦਿਆਂ ਜਦੋਂ ਗੁਰਮੁਖ ਵਿਅਕਤੀ ਪਰਮਾਤਮਾ ਦੇ ਹੁਕਮ ਅਨੁਸਾਰ ਚੱਲਦਾ ਹੈ ਤਾਂ ਅਖੀਰ ਉਹ ਪਰਮਾਤਮਾ ਦਾ ਮਿਲਾਪ ਹਾਸਿਲ ਕਰ ਲੈਂਦਾ ਹੈ ।ਰਾਮਕਲੀ ਰਾਗ ਵਿਚ ਹੀ ਰਚਿਤ ਇਕ ਹੋਰ ਵਾਰ 'ਰਾਮਕਲੀ ਕੀ ਵਾਰ ਰਾਇ ਬਲਵੰਡ ਤਥਾ ਸਤੈ ਡੂਮਿ ਆਖੀ' ਹੈ ।ਇਸ ਵਾਰ ਵਿਚ ਇਸ ਦੇ ਰਚੇਤਿਆਂ ਦੁਆਰਾ ਵੱਖ-ਵੱਖ ਗੁਰੂ ਸਾਹਿਬਾਨ ਦੀ ਉਸਤਤਿ ਵਿਚ ਰਚੀਆਂ ਗਈਆਂ ਪਉੜੀਆਂ ਸ਼ਾਮਿਲ ਹਨ ।ਇਸ ਵਾਰ ਦੀ ਵਿਲੱਖਣਤਾ ਇਹ ਹੈ ਕਿ ਇਸ ਵਿਚ

ਕੇਵਲ ਪਉੜੀਆਂ ਹੀ ਸ਼ਾਮਿਲ ਹਨ ਜਦਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਰਨਾਂ ਵਾਰਾਂ ਵਾਂਗ ਇਸ ਵਾਰ ਵਿਚ ਪਉੜੀਆਂ ਨਾਲ ਸਲੋਕਾਂ ਨੂੰ ਸ਼ਾਮਿਲ ਨਹੀਂ ਕੀਤਾ ਗਿਆ ।

ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਰਾਗਾਂ ਵਿਚੋਂ ਗਉੜੀ ਰਾਗ ਵੀ ਇਕ ਮਹੱਤਵਪੂਰਨ ਰਾਗ ਦੇ ਤੌਰ ਤੇ ਦ੍ਰਿਸ਼ਟੀਗੋਚਰ ਹੁੰਦਾ ਹੈ ।'ਸੰਪੂਰਨ ਜਾਤਿ ਦੇ ਇਸ ਪ੍ਰਸਿਧ ਰਾਗ ਨੂੰ ਪੁਰਾਤਨ ਸੰਗੀਤ-ਗ੍ਰੰਥਾਂ ਵਿਚ ਗੋਰੀ, ਗਵਰੀ, ਗੌੜੀ,ਗਉਰੀ ਆਦਿ ਨਾਵਾਂ ਨਾਲ ਲਿਖਿਆ ਗਿਆ ਹੈ ।ਪ੍ਰਾਚੀਨ ਰਾਗ ਹੋਣ ਕਰਕੇ ਸਮੇਂ-ਸਮੇਂ ਸੰਗੀਤ ਸ਼ਾਸਤ੍ਰੀਆਂ ਨੇ ਹੋਰ ਰਾਗਾਂ ਨਾਲ ਮਿਸ਼ਰਿਤ ਕਰਕੇ ਇਸਦੇ ਕੁਝ ਹੋਰ ਰੂਪ ਵੀ ਸਾਹਮਣੇ ਲਿਆਂਦੇ ਹਨ।...ਇਨ੍ਹਾਂ ਸਭ ਭੇਦਾਂ ਦੇ ਗਾਉਣ ਦਾ ਸਮਾਂ ਲਗਭਗ ਸ਼ਾਮ ਵੇਲਾ ਜਾਂ ਚੌਥਾ ਪਹਿਰ ਹੈ ।ਇਸ ਰਾਗ ਦਾ ਵਾਯੂਮੰਡਲ ਗੰਭੀਰ ਹੈ।[10] ਗੁਰੂ ਗ੍ਰੰਥ ਸਾਹਿਬ ਵਿਚ ਦੋ ਵਾਰਾਂ 'ਗਉੜੀ ਕੀ ਵਾਰ ਮਹਲਾ4 ਅਤੇ ਗਉੜੀ ਕੀ ਵਾਰ ਮਹਲਾ 5' ਅੰਕਿਤ ਹਨ।'ਗਉੜੀ ਕੀ ਵਾਰ ਮਹਲਾ4 ਵਿਚ ਗੁਰੂ ਰਾਮਦਾਸ ਜੀ ਨੇ ਅਧਿਆਤਮਕ ਮਾਰਗ ਉਪਰ ਚੱਲਣ ਵਾਲੇ ਜਗਿਆਸੂ ਦਾ ਮਾਰਗ ਦਰਸ਼ਨ ਕਰਨ ਦਾ ਉਪਰਾਲਾ ਕੀਤਾ ਹੈ ।ਇਸ ਵਾਰ ਵਿਚ ਗੁਰੂ ਦਾ ਮਹੱਤਵ ਬਿਆਨ ਕਰਨ ਦੇ ਨਾਲ-ਨਾਲ ਗੁਰਸਿੱਖ ਦੇ ਜੀਵਨ ਵਿਵਹਾਰ ਨੂੰ ਵੀ ਪ੍ਰਮੁਖਤਾ ਸਹਿਤ ਪ੍ਰਸਤੁਤ ਕੀਤਾ ਗਿਆ ਹੈ ।'ਗਉੜੀ ਕੀ ਵਾਰ ਮਹਲਾ 5' ਜਿਸਨੂੰ ਕਿ 'ਰਾਇ ਕਮਾਲ ਮਉਜ ਕੀ ਧੁਨੀ' ਉੱਪਰ ਗਾਉਣ ਦਾ ਨਿਰਦੇਸ਼ ਦਿੱਤਾ ਗਿਆ ਹੈ ਵਿਚ ਗੁਰੂ ਅਰਜਨ ਦੇਵ ਜੀ ਨੇ ਗੁਰਮਤਿ ਵਿਚਾਰਧਾਰਾ ਦੇ ਵਿਭਿੰਨ ਸੰਕਲਪਾਂ ਨੂੰ ਪ੍ਰਸਤੁਤ ਕਰਨ ਦਾ ਕਾਰਜ ਕੀਤਾ ਹੈ ।ਪਰਮਾਤਮਾ ਦੇ ਸਰਬ-ਸ਼ਕਤੀਮਾਨ ਹਸਤੀ ਹੋਣ ਅਤੇ ਸਮੁੱਚੇ ਬ੍ਰਹਿਮੰਡ ਦੇ ਉਸਦੇ ਹੁਕਮ ਅਨੁਸਾਰ ਚੱਲਣ ਨੂੰ ਗੁਰੂ ਸਾਹਿਬ ਨੇ ਪ੍ਰਮੁਖਤਾ ਨਾਲ ਅਭਿਵਿਅਕਤ ਕੀਤਾ ਹੈ ।ਇਸਤੋਂ ਇਲਾਵਾ ਇਸ ਵਾਰ ਵਿਚ ਨਾਮ ਦੀ ਮਹੱਤਤਾ,ਗੁਰੁ, ਗੁਰਮੁਖ, ਮਨਮੁਖ, ਆਦਿਕ ਗੁਰਮਤਿ ਚਿੰਤਨ ਦੇ ਸੰਕਲਪਾਂ ਨੂੰ ਪ੍ਰਸਤੁਤ ਕਰਨ ਦਾ ਕਾਰਜ ਵੀ ਕੀਤਾ ਗਿਆ ਹੈ ।

'ਗੂਜਰੀ ਕੀ ਵਾਰ ਮਹਲਾ 3' ਅਤੇ 'ਗੂਜਰੀ ਕੀ ਵਾਰ ਮਹਲਾ 5' ਗੁਰੂ ਗ੍ਰੰਥ ਸਾਹਿਬ ਵਿਚ ਗੂਜਰੀ ਰਾਗ ਦੇ ਅੰਤਰਗਤ ਅੰਕਿਤ ਹੋਈਆਂ ਹਨ ।'ਗੂਜਰੀ ਇਕ ਪੁਰਾਤਨ ਅਤੇ ਪ੍ਰਸਿਧ ਰਾਗ ਹੈ ।...ਇਹ ਇਕ ਗੰਭੀਰ ਤੇ ਕਰੁਣਾ ਰਸ ਭਰਪੂਰ ਰਾਗ ਹੈ । ਇਸ ਵਿਚ ਭਗਤੀ ਭਾਵ ਦੀਆਂ ਰਚਨਾਵਾਂ ਜ਼ਿਆਦਾ ਗਾਈਆਂ ਜਾਂਦੀਆਂ ਹਨ ।ਗੂਜਰੀ ਨੂੰ ਤੋੜੀ ਦਾ ਹੀ ਇਕ ਪ੍ਰਕਾਰ ਮੰਨਿਆਂ ਜਾਂਦਾ ਹੈ ।ਰਾਗ ਤੋੜੀ ਤੋਂ ਪੰਚਮ ਸਵਰ ਵਰਜਿਤ ਕਰਨ ਨਾਲ ਰਾਗ ਗੂਜਰੀ ਬਣ ਜਾਂਦਾ ਹੈ ।ਇਸ ਰਾਗ ਦੇ ਗਾਉਣ ਦਾ ਵੇਲਾ ਚਾਰ ਘੜੀ ਦਿਨ ਚੜ੍ਹੇ ਹੈ।[11] ਗੁਰੂ ਗ੍ਰੰਥ ਸਾਹਿਬ ਵਿਚ ਦਰਜ 'ਗੂਜਰੀ ਕੀ ਵਾਰ ਮਹਲਾ 3, ਵਾਰ ਗੁਰੂ ਅਮਰਦਾਸ ਦੀ ਰਚਨਾ ਹੈ।ਇਸ ਵਾਰ ਉੱਪਰ ਦਰਜ 'ਸਿਕੰਦਰ ਇਬਰਾਹੀਮ ਕੀ ਧੁਨੀ ਪਰ ਗਾਵਣੀ' ਇਸ ਵਾਰ ਨੂੰ ਲੋਕਾਂ ਵਿਚ ਪ੍ਰਚਲਿਤ ਸਿਕੰਦਰ ਅਤੇ ਇਬਰਾਹੀਮ ਦੀ ਲੋਕ ਵਾਰ ਦੀ ਧੁਨੀ ਉਪਰ ਗਾਉਣ ਦੀ ਨਿਰਦੇਸ਼ਤਮਕ ਸੂਚਨਾ ਹੈ। ਇਸ ਵਾਰ ਵਿਚ ਗੁਰੂ ਅਮਰਦਾਸ ਜੀ ਨੇ ਗੁਰਮੁਖਤਾ ਦੇ ਮਾਰਗ ਦੀ ਵਿਰੋਧੀ ਸ਼ਕਤੀ ਮਾਇਆ ਨੂੰ ਪ੍ਰਮੁਖਤਾ ਸਹਿਤ ਪ੍ਰਸਤੁਤ ਕੀਤਾ ਹੈ ।ਮਾਇਆ ਇਕ ਅਜਿਹੀ ਸ਼ਕਤੀ ਹੈ ਜਿਸਦੇ ਅਨੇਕਾ ਰੂਪ ਹਨ।ਇਸਤੋਂ ਜੀਵਾਤਮਾ ਦਾ ਬਚਾਉ ਕਰਨ ਦਾ ਕਾਰਜ ਕੇਵਲ ਪਰਮਾਤਮਾ ਹੀ ਕਰ ਸਕਦਾ ਹੈ ।ਪਰਮਾਤਮਾ ਦੀ ਕਿਰਪਾ ਦ੍ਰਿਸ਼ਟੀ ਦਾ ਸਦਕਾ ਹੀ ਮਨੁੱਖ ਵਿਕਾਰਾਂ ਤੋਂ ਹਟ ਕੇ ਗੁਰਮੁਖਤਾ ਦੇ ਮਾਰਗ ਉਪਰ ਚਲ ਸਕਦਾ ਹੈ ਅਤੇ ਅਖੀਰ ਪਰਮਾਤਮਾ ਦੀ ਪ੍ਰਾਪਤੀ ਕਰ ਸਕਦਾ ਹੈ ।'ਗੂਜਰੀ ਕੀ ਵਾਰ ਮਹਲਾ 5' ਵਿਚ ਵੀ ਆਪਣੇ ਅਧਿਆਤਮਕ ਵਿਚਾਰਾਂ ਨੂੰ ਪ੍ਰਸਤੁਤ ਕਰਦਿਆਂ ਪਰਮਾਤਮਾ, ਜੀਵਾਤਮਾ, ਗੁਰੂ, ਨਾਮ ਦੇ

ਪਰਸਪਰ ਸੰਬੰਧਾਂ ਨੂੰ ਦਰਸਾਇਆ ਹੈ ।ਇਸਤੋਂ ਇਲਾਵਾ ਗੁਰਮਤਿ ਚਿੰਤਨ ਦੇ ਹੋਰ ਕਈ ਸਿੱਧਾਤਾਂ ਨੂੰ ਵੀ ਇਸ ਵਾਰ ਵਿਚ ਪ੍ਰਸਤੁਤ ਕੀਤਾ ਗਿਆ ਹੈ।

ਮਾਰੂ ਰਾਗ ਵੀ ਇਕ ਪ੍ਰਾਚੀਨ ਅਤੇ ਪ੍ਰਸਿਧ ਰਾਗ ਹੈ ।ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨਕੋਸ਼ ਵਿਚ ਲਿਖਿਆ ਹੈ ਕਿ 'ਮਾਰੂ ਨੂੰ ਧੜਜ ਗਾਂਧਾਰ ਧੈਵਤ ਅਤੇ ਨਿਧਾਦ ਸੁਧ, ਰਿਧਵ ਕੋਮਲ ਅਤੇ ਮਧਮ ਤ੍ਰੀਵ ਲੱਗਦਾ ਹੈ. ਗਾਂਧਾਰ ਵਾਦੀ ਅਤੇ ਧੈਵਤ ਸੰਵਾਦੀ ਹੈ * ਗੁਰੂ ਗ੍ਰੰਥ ਸਾਹਿਬ ਵਿੱਚ ਮਾਰੂ ਦਾ ਇਕਹਵਾਂ ਨੰਬਰ ਹੈ. ਇਹ ਰਾਗ ਯੁੱਧ ਅਤੇ ਚਲਾਣੇ ਸਮੇਂ ਖਾਸ ਕਰਕੇ ਅਤੇ ਦਿਨ ਦੇ ਤੀਜੇ ਪਹਿਰ ਸਧਾਰਣ ਰੀਤਿ ਅਨੁਸਾਰ ਗਾਈਦਾ ਹੈ ।[12] 'ਮਾਰੂ ਵੀ ਵਾਰ ਮਹਲਾ 3' ਵਿਚ ਗੁਰੂ ਅਮਰਦਾਸ ਜੀ ਨੇ ਵਿਅਕਤੀ ਦੇ ਮੋਹ ਮਾਇਆ ਵਿਚ ਗ਼ਲਤਾਨ ਹੋ ਕੇ ਅਨੇਕਾਂ ਵਿਕਾਰਾਂ ਵਿਚ ਫਸਣ ਸੰਬੰਧੀ ਜ਼ਿਕਰ ਕੀਤਾ ਹੈ ।ਇਹਨਾਂ ਵਿਕਾਰਾਂ ਤੋਂ ਕੇਵਲ ਨਾਮ ਨਾਲ ਹੀ ਮੁਕਤ ਹੋਇਆ ਜਾ ਸਕਦਾ ਹੈ ।ਨਾਮ ਦੀ ਪ੍ਰਾਪਤੀ ਪਰਮਾਤਮਾ ਦੀ ਕਿਰਪਾ ਅਤੇ ਗੁਰੂ ਦੇ ਮਾਧਿਅਮ ਦੁਆਰਾ ਹੀ ਹੋ ਸਕਦੀ ਹੈ । 'ਮਾਰੂ ਵਾਰ ਮਹਲਾ 5 ਡੱਖਣੇ' ਵਿਚ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਤੋਂ ਵਿਛੜੀ ਜੀਵ ਇਸਤਰੀ ਦੀ ਬਿਹਬਲਤਾ ਅਤੇ ਪਰਮਾਤਮਾ ਨਾਲ ਪੁਨਰ ਮਿਲਾਪ ਦੀ ਵੇਦਨਾ ਨੂੰ ਅਭਿਵਿਅਕਤ ਕੀਤਾ ਹੈ ।ਇਸ ਤੋਂ ਇਲਾਵਾ ਪ੍ਰਭੂ ਮਿਲਾਪ ਵਿਚ ਸਹਾਇਕ ਹੁੰਦੇ ਸਾਧਨਾਂ ਜਿਵੇਂ ਸ਼ੁੱਭ ਕਰਮ, ਨਾਮ-ਸਿਮਰਨ, ਗੁਰੂ ਆਦਿਕ ਨੂੰ ਵੀ ਇਸ ਵਾਰ ਦੀਆਂ ਪਉੜੀਆਂ ਵਿਚ ਵਿਸ਼ੇ ਵਜੋਂ ਪ੍ਰਸਤੁਤ ਕੀਤਾ ਗਿਆ ਹੈ ।

'ਸਿਰੀ ਰਾਗ ਕੀ ਵਾਰ ਮਹਲਾ 4' ਗੁਰੂ ਰਾਮਦਾਸ ਜੀ ਦੁਆਰਾ ਰਚਿਤ ਵਾਰ ਹੈ ।ਕਿਉਂਕਿ ਸਿਰੀ ਰਾਗ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਪ੍ਰਥਮ ਰਾਗ ਹੈ ਇਸ ਲਈ ਸਿਰੀ ਰਾਗ ਕੀ ਵਾਰ ਵੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵਾਰਾਂ ਵਿਚੋਂ ਕ੍ਰਮਾਂਕ ਵਿਚ ਸਭ ਤੋਂ ਪਹਿਲਾਂ ਆਉਂਦੀ ਹੈ ।ਸਿਰੀ ਰਾਗ ਇਕ ਪ੍ਰਾਚੀਨ ਰਾਗ ਹੈ ।'ਇਹ ਪੂਰਵੀ ਥਾਟ ਦਾ ਔੜਵ ਸੰਪੂਰਣ ਰਾਗ ਹੈ ।ਇਸ ਦੇ ਗਾਉਣ ਦਾ ਸਮਾਂ ਪਿਛਲਾ ਪਹਿਰ ਜਾਂ ਲੌਢਾ ਵੇਲਾ ਹੈ ।ਇਸ ਰਾਗ ਦੀ ਪ੍ਰਕਿਰਤੀ ਗੰਭੀਰ ਅਤੇ ਸਰੂਪ ਸੁਤੰਤਰ ਹੈ, ਇਸ ਲਈ ਆਮ ਤੌਰ 'ਤੇ ਭਗਤੀਮਈ ਪਦਿਆਂ ਨੂੰ ਗਾਉਣ ਲਈ ਇਸ ਨੂੰ ਵਰਤਿਆ ਜਾਂਦਾ ਹੈ ।ਇਸ ਨੂੰ ਬਨਵਾਸੀ ਰਿਸ਼ੀਆਂ ਮੁਨੀਆਂ ਦਾ ਰਾਗ ਦੱਸਿਆ ਜਾਂਦਾ ਹੈ ।ਭਾਰਤੀ ਪਰੰਪਰਾ ਨਾਲ ਸੰਬੰਧਿਤ ਹੋਣ ਕਾਰਣ ਇਸ ਵਿਚ ਰਚੀ ਬਾਣੀ ਦੀ ਸ਼ਬਦਾਵਲੀ ਅਧਿਕਤਰ ਭਾਰਤੀ ਵਿਰਸੇ ਵਾਲੀ ਹੈ ।[13] ਇਸ ਰਾਗ ਵਿਚ ਰਚਿਤ'ਸਿਰੀ ਰਾਗ ਕੀ ਵਾਰ ਮਹਲਾ 4' ਵਿਚ ਗੁਰੂ ਰਾਮਦਾਸ ਜੀ ਨੇ ਪਰਮਾਤਮਾ ਦੀ ਉਸਤਤਿ ਕਰਨ ਦਾ ਕਾਰਜ ਕੀਤਾ ਹੈ ।ਪਰਮਾਤਮਾ ਦੇ ਗੁਣਾ ਨੂੰ ਬਿਆਨਦਿਆਂ ਉਹ ਜੀਵਾਤਮਾ ਦੇ ਸੰਸਾਰਕ ਮੋਹ-ਮਾਇਆ ਵਿਚ ਫਸਣ ਸੰਬੰਧੀ ਜ਼ਿਕਰ ਕਰਦੇ ਹਨ ।ਗੁਰੂ ਸਾਹਿਬ ਮਨੁੱਖ ਨੂੰ ਇਹ ਉਪਦੇਸ਼ ਕਰਦੇ ਹਨ ਕਿ ਜੇਕਰ ਮਨੁੱਖ ਨੇ ਪਰਮਾਤਮਾ ਦਾ ਮਿਲਾਪ ਹਾਸਿਲ ਕਰਨਾ ਹੈ ਤਾਂ ਉਸ ਨੂੰ ਸੰਸਾਰਿਕ ਮਾਇਆ ਤੋਂ ਉਪਰਾਮ ਹੋ ਕੇ ਪਰਮਾਤਮਾ ਦੀ ਭਗਤੀ ਵਿਚ ਲੀਨ ਹੋਣਾ ਪਵੇਗਾ ।

ਗੁਰੂ ਗ੍ਰੰਥ ਸਾਹਿਬ ਵਿਚ ਕੁਝ ਅਜਿਹੇ ਰਾਗ ਵੀ ਸ਼ਾਮਿਲ ਹਨ ਜਿੰਨ੍ਹਾਂ ਦਾ ਹਵਾਲਾ ਸੰਗੀਤ ਦੇ ਗ੍ਰੰਥਾਂ ਵਿਚ ਨਹੀਂ ਮਿਲਦਾ । ਅਜਿਹੇ ਹੀ ਰਾਗਾਂ ਵਿਚੋਂ ਮਾਝ ਵੀ ਇਕ ਮਹੱਤਵਪੂਰਨ ਰਾਗ ਹੈ ।'ਮਾਝ ਰਾਗ ਦੀ ਰਚਨਾ ਕਾਫੀ ਥਾਟ ਦੇ ਅੰਤਰਗਤ ਮੰਨੀ ਜਾਂਦੀ ਹੈ । ਇਸ ਦੇ ਨਾਦਾਤਮਕ ਸਰੂਪ ਵਿਚ ਦੋ ਗੰਧਾਰ, ਦੋ ਨਿਸ਼ਾਦ ਅਤੇ ਹੋਰ ਸੁਰ ਸ਼ੁੱਧ ਪ੍ਰਯੋਗ ਹੁੰਦੇ ਹਨ ।ਇਸਦੇ ਆਰੋਹ ਵਿਚ ਗੰਧਾਰ ਅਤੇ ਧੈਵਤ ਸੁਰ ਵਰਜਿਤ ਹਨ ਅਤੇ ਅਵਰੋਹ ਵਿਚ ਵਕਰ

ਰੀਤ ਨਾਲ ਸਤ ਸੁਰ ਵਰਤੇ ਜਾਂਦੇ ਹਨ ਇਸ ਲਈ ਜਾਤੀ ਔਡਵ-ਵਕਰ ਸੰਪੂਰਨ ਹੈ ।[14] ਇਸ ਰਾਗ ਦੇ ਗਾਇਨ ਦਾ ਸਮਾਂ ਦਿਨ ਦਾ ਚੌਥਾ ਪਹਿਰ ਮੰਨਿਆ ਜਾਂਦਾ ਹੈ ।ਗੁਰੂ ਗ੍ਰੰਥ ਸਾਹਿਬ ਵਿਚ ਦਰਜ ਮਾਝ ਰਾਗ ਦੀ ਪਹਿਲੀ ਵਾਰ ਵਰਤੋਂ ਗੁਰੂ ਨਾਨਕ ਦੇਵ ਜੀ ਨੇ ਕੀਤੀ ।ਇਸ ਰਾਗ ਵਿਚ ਗੁਰੂ ਨਾਨਕ ਦੇਵ ਜੀ ਨੇ 'ਵਾਰ ਮਾਝ ਕੀ ਮਹਲਾ 1' ਦੀ ਰਚਨਾ ਕੀਤੀ ।ਇਸ ਵਾਰ ਨਾਲ ਦਿੱਤਾ ਗਿਆ ਸੰਕੇਤ 'ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ' ਇਸ ਵਾਰ ਨੂੰ ਮਲਕ ਮੁਰੀਦ ਖਾਂ ਅਤੇ ਚੰਦ੍ਰਹੜਾ ਸੋਹੀਆ ਦੀ ਪ੍ਰਸਿਧ ਲੋਕ-ਵਾਰ ਦੀ ਧੁਨ ਉੱਪਰ ਗਾਉਣ ਦੀ ਹਦਾਇਤ ਨੂੰ ਅਭਿਵਿਅਕਤ ਕਰਦਾ ਹੈ ।ਗੁਰੂ ਨਾਨਕ ਦੇਵ ਜੀ ਨੇ ਇਸ ਵਾਰ ਵਿਚ ਪਰਮਾਤਮਾ ਦੁਆਰਾ ਜਗਤ ਦੀ ਉਤਪਤੀ ਕਰਨ ਅਤੇ ਇਸ ਵਿਚ ਸੰਸਾਰਕ ਮੋਹ ਮਾਇਆ ਨੂੰ ਕਾਰਜਸ਼ੀਲ ਕਰਨ ਸੰਬੰਧੀ ਜ਼ਿਕਰ ਕੀਤਾ ਹੈ ।ਇਸ ਮਾਇਆ ਤੋਂ ਬਚਣ ਦਾ ਇਕੋ-ਇਕ ਸਾਧਨ ਕੇਵਲ ਨਾਮ ਹੈ ।ਪਰਮਾਤਮਾ ਨਾਲ ਪ੍ਰੇਮ ਅਤੇ ਸੱਚੇ ਗੁਰੂ ਦੁਆਰਾ ਅਗਵਾਈ ਕਰਨ ਨਾਲ ਹੀ ਇਸ ਪਦਾਰਥਕ ਮੋਹ-ਮਾਇਆ ਤੋਂ ਮੁਕਤ ਹੋਇਆ ਜਾ ਸਕਦਾ ਹੈ ।

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗਾਂ ਵਿਚੋਂ ਆਸਾ ਰਾਗ ਇਕ ਮਹੱਤਵਪੂਰਨ ਅਤੇ ਪ੍ਰਸਿਧ ਰਾਗ ਦੇ ਤੌਰ ਤੇ ਜਾਣਿਆ ਜਾਂਦਾ ਹੈ । 'ਆਸਾ ਰਾਗ ਦੇ ਨਾਦਾਤਮਕ ਸਰੂਪ ਦੀ ਰਚਨਾ ਵਿਦਵਾਨਾਂ ਨੇ ਬਿਲਾਵਲ ਥਾਟ ਤੋਂ ਮੰਨੀ ਹੈ । ਇਸ ਰਾਗ ਵਿਚ ਸਭ ਸੁਰ ਸ਼ੁੱਧ ਲਗਦੇ ਹਨ... ਇਸ ਰਾਗ ਦਾ ਵਾਦੀ ਸੁਰ ਮੱਧਿਅਮ ਅਤੇ ਸੰਵਾਦੀ ਸ਼ੜਜ ਹੈ ।ਇਸ ਰਾਗ ਦੇ ਆਰੋਹ ਵਿਚ ਗੰਧਾਰ ਅਤੇ ਨਿਸ਼ਾਦ ਸੁਰ ਵਰਜਿਤ ਕਰਨ ਦੀ ਪ੍ਰਥਾ ਹੈ ਇਸ ਲਈ ਇਸਦੀ ਜਾਤੀ ਔਡਵ-ਸੰਪੂਰਣ ਹੈ ।ਇਸ ਰਾਗ ਦੇ ਗਉਣ ਦਾ ਸਮਾਂ ਰਾਤ ਦਾ ਅੰਤਿਮ ਪਹਿਰ ਅਤੇ ਦਿਨ ਦਾ ਅੰਤਿਮ ਪਹਿਰ ਹੈ ।[15] ਇਸ ਰਾਗ ਵਿਚ ਗੁਰੂ ਨਾਨਕ ਦੇਵ ਜੀ ਨੇ ਆਪਣੀ ਪ੍ਰਸਿਧ ਰਚਨਾ ਆਸਾ ਕੀ ਵਾਰ ਦੀ ਰਚਨਾ ਕੀਤੀ ਹੈ ।ਇਸ ਵਾਰ ਨੂੰ ਟੁੰਡੇ ਅਸਰਾਜੇ ਦੀ ਲੋਕ ਵਾਰ ਦੀ ਧੁਨੀ ਉੱਪਰ ਗਾਉਣ ਦੀ ਹਦਾਇਤ ਵੀ ਕੀਤੀ ਗਈ ਹੈ ।ਇਸ ਵਾਰ ਵਿਚ ਗੁਰੂ ਨਾਨਕ ਦੇਵ ਜੀ ਨੇ ਅਧਿਆਤਮਕ ਚਿੰਤਨ ਦੇ ਵੱਖ-ਵੱਖ ਸੰਕਲਪਾਂ ਨੂੰ ਚਿਤਰਨ ਦਾ ਕਾਰਜ ਕੀਤਾ ਹੈ । ਇਸਦੇ ਨਾਲ ਹੀ ਪਰਮਾਤਮਾਂ ਦੀ ਉਸਤਤਿ ਕਰਦਿਆਂ ਉਸਦੀ ਵਿਸ਼ਾਲਤਾ ਦਾ ਵਰਣਨ ਵੀ ਕੀਤਾ ਗਿਆ ਹੈ। ਇਸ ਵਾਰ ਦੀਆਂ ਪਉੜੀਆਂ ਵਿਚ ਜਿੱਥੇ ਅਧਿਆਤਮਕ ਚਿੰਤਨ ਦੀ ਪ੍ਰਸਤੁਤੀ ਹੋਈ ਹੈ ਉਥੇ ਇਸਦੇ ਨਾਲ ਅੰਕਿਤ ਸਲੋਕਾਂ ਵਿਚ ਤੱਤਕਾਲੀਨ ਸਮਾਜਿਕ, ਸਭਿਆਚਾਰਕ ਪਰਿਸਥਿਤੀਆਂ ਦਾ ਵਰਣਨ ਵੀ ਹੋਇਆ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਿਹਾਗੜਾ ਰਾਗ ਉੱਤਰੀ ਭਾਰਤ ਦੀ ਸੰਗੀਤ ਪਰੰਪਰਾ ਦਾ ਇਕ ਮਹੱਤਵਪੂਰਨ ਰਾਗ ਹੈ ।ਇਸਨੂੰ ਬਿਲਾਵਲ ਠਾਟ ਦਾ ਸੰਪੂਰਨ ਰਾਗ ਮੰਨਿਆ ਜਾਂਦਾ ਹੈ ।'ਰਾਤ ਸਮੇਂ ਗਾਏ ਜਾਣ ਵਾਲੇ ਇਸ ਵਿਸ਼ੇਸ਼ ਰਾਗ ਦੇ ਦੋ ਰੂਪ ਪ੍ਰਚਲਿਤ ਹਨ । ਇਕ ਰੂਪ ਵਿਚ ਦੋਵੇਂ ਮਾਧਿਅਮ ਪ੍ਰਯੋਗ ਕੀਤੇ ਜਾਂਦੇ ਹਨ ਅਤੇ ਦੂਸਰੇ ਰੂਪ ਵਿਚ ਦੋਵੇਂ ਨਿਸ਼ਾਦ। ਉੱਤਰੀ ਭਾਰਤ ਵਿਚ ਦੋਵੇਂ ਨਿਸਾਦਾਂ ਵਾਲਾ ਬਿਹਾਗੜਾ ਪ੍ਰਚਾਰ ਵਿਚ ਹੈ । ਬਿਹਾਗੜਾ ਰਾਗ ਦੇ ਇਸ ਸਰੂਪ ਵਿਚ ਸਾਰੇ ਸੁਰ ਸ਼ੁੱਧ ਵਰਤੇ ਜਾਂਦੇ ਹਨ । ਕੇਵਲ ਅਵਰੋਹ ਵਿਚ ਨਿਸ਼ਾਦ ਕੋਮਲ ਪ੍ਰਯੋਗ ਕੀਤਾ ਜਾਂਦਾ ਹੈ ਅਤੇ ਆਰੋਹ ਵਿਚ ਰਿਸ਼ਭ ਧੈਵਤ ਵਰਜਿਤ ਹਨ ।[16] ਇਸ ਰਾਗ ਵਿਚ ਗੁਰੂ ਰਾਮਦਾਸ ਜੀ ਨੇ ਵਾਰ ਰਚਨਾ ਦਾ ਕਾਰਜ ਕੀਤਾ ਹੈ । 'ਬਿਹਾਗੜੇ ਕੀ ਵਾਰ ਮਹਲਾ 4' ਵਿਚ ਗੁਰੂ ਰਾਮਦਾਸ ਜੀ ਨੇ ਪਰਮਾਤਮਾ ਦੀ ਕਿਰਪਾ-ਦ੍ਰਿਸ਼ਟੀ ਦੀ ਮਹੱਤਤਾ ਨੂੰ ਪ੍ਰਸਤੁਤ ਕੀਤਾ ਹੈ।ਜੇਕਰ ਪਰਮਾਤਮਾ ਦੀ ਕਿਰਪਾ ਹੁੰਦੀ ਹੈ ਤਾਂ ਹੀ ਜੀਵਾਤਮਾ

ਸੰਸਾਰਿਕ ਮੋਹ-ਮਾਇਆ ਤੋਂ ਮੁਕਤ ਹੋ ਸਕਦੀ ਹੈ ।ਇਸਦੇ ਫਲਸਰੂਪ ਉਹ ਪ੍ਰਭੂ ਭਗਤੀ ਵਿਚ ਲੀਨ ਹੋ ਕੇ ਪਰਮਾਤਮਾ ਤੱਕ ਪਹੁੰਚ ਸਕਦੀ ਹੈ ।

ਵਡਹੰਸ ਰਾਗ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗਾਂ ਵਿਚੋਂ ਕ੍ਰਮਾਂਕ ਵਿਚ ਅੱਠਵੇਂ ਨੰਬਰ ਉੱਪਰ ਦਰਜ ਹੋਇਆ ਹੈ ।'ਗੁਰਮਤਿ ਸੰਗੀਤ ਪੱਧਤੀ ਵਿਚ ਵਡਹੰਸ ਰਾਗ ਨੂੰ ਬੜਾ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਗੁਰੂ ਸਾਹਿਬਾਨ ਨੇ ਇਸ ਰਾਗ ਦਾ ਪ੍ਰਯੋਗ ਸ਼ਾਸਤਰੀ ਸੰਗੀਤ ਲਈ ਵੀ ਕੀਤਾ ਹੈ ਅਤੇ ਲੋਕ ਧੁਨਾਂ ਲਈ ਵੀ ।...ਇਸ ਰਾਗ ਦੇ ਨਾਦਾਤਮਕ ਸਰੂਪ ਵਿਚ ਨਿਸ਼ਾਦ ਦੋਵੇਂ ਅਤੇ ਹੋਰ ਸਭ ਸੁਰ ਸ਼ੁੱਧ ਲੱਗਦੇ ਹਨ । ਇਸ ਦਾ ਵਾਦੀ ਸੁਰ ਰਿਸ਼ਭ ਅਤੇ ਸੰਵਾਦੀ ਪੰਚਮ ਹੈ ।ਕੁਝ ਕਲਾਕਾਰ ਇਸਦੇ ਉਲਟ ਪੰਚਮ ਵਾਦੀ ਅਤੇ ਰਿਸ਼ਭ ਸੰਵਾਦੀ ਮੰਨਦੇ ਹਨ ਅਤੇ ਕੁਝ ਸ਼ਡਜ ਵਾਦੀ ਅਤੇ ਪੰਚਮ ਸੰਵਾਦੀ ਮੰਨਦੇ ਹਨ ਪਰੰਤੂ ਪਹਿਲਾ ਮਤ ਵਧੇਰੇ ਉੱਚਿਤ ਹੈ ।ਇਸ ਰਾਗ ਦੇ ਗਾਉਣ-ਵਜਾਉਣ ਦਾ ਸਮਾਂ ਦੁਪਹਿਰ ਦਾ ਹੈ ।ਕੁਝ ਲੇਖਕ ਇਸਦਾ ਸਮਾਂ ਰਾਤ ਦਾ ਦੂਜਾ ਪਹਿਰ ਮੰਨਦੇ ਹਨ ।[17] ਗੁਰੂ ਰਾਮਦਾਸ ਜੀ ਨੇ ਇਸ ਰਾਗ ਵਿਚ 'ਵਡਹੰਸ ਕੀ ਵਾਰ ਮਹਲਾ 4' ਦੀ ਰਚਨਾ ਕੀਤੀ ਹੈ ।ਇਸਦੇ ਨਾਲ ਹੀ ਇਸ ਵਾਰ ਨੂੰ 'ਲਲਾ ਬਹਿਲੀਮਾਂ' ਦੀ ਲੋਕ ਵਾਰ ਦੀ ਧੁਨੀ ਉੱਪਰ ਗਾਉਣ ਦਾ ਨਿਰਦੇਸ਼ ਵੀ ਦਿੱਤਾ ਗਿਆ ਹੈ ।ਇਸ ਵਾਰ ਵਿਚ ਵੀ ਗੁਰੂ ਰਾਮਦਾਸ ਜੀ ਅਧਿਆਤਮਕ ਚਿੰਤਨ ਨਾਲ ਸੰਬੰਧਿਤ ਸੰਕਲਪਾਂ ਨੂੰ ਪ੍ਰਸਤੁਤ ਕਰਨ ਦਾ ਕਾਰਜ ਕਰਦੇ ਹਨ ।'ਗੁਰੂ ਜੀ ਨੇ ਇਸ ਵਾਰ ਵਿਚ ਗੁਰਮਤਿ ਦੇ ਅਨੇਕ ਤੱਥਾਂ ਦੀ ਆਪਣੇ ਢੰਗ ਨਾਲ ਵਿਆਖਿਆ ਕੀਤੀ ਹੈ ।ਮੁੱਖ ਤੌਰ 'ਤੇ ਇਹ ਸਪੱਸ਼ਟ ਕੀਤਾ ਹੈ ਕਿ ਪਰਮਾਤਮਾ ਹਰੇਕ ਜੀਵ ਦੇ ਅੰਦਰ ਵੱਸਦਾ ਹੈ ।ਜਿਸਨੂੰ ਗੁਰੂ ਦੀ ਕਿਰਪਾ ਦੁਆਰਾ ਵਰੋਸਾਏ ਜਾਣ ਤੋਂ ਬਾਅਦ ਦੇਖਿਆ ਜਾ ਸਕਦਾ ਹੈ । ਗੁਰੂ ਦੀ ਪ੍ਰਾਪਤੀ ਨਾਲ ਮੋਹ ਮਾਇਆ ਦਾ ਪ੍ਰਭਾਵ ਖ਼ਤਮ ਹੋ ਜਾਂਦਾ ਹੈ ਅਤੇ ਮਨੁੱਖ ਨੂੰ ਅੰਦਰ ਵੱਸਦੀ ਸ਼ਕਤੀ ਦਾ ਬੋਧ ਹੋਣ ਲੱਗਦਾ ਹੈ ।ਇਹਨਾਂ ਸਥਾਪਨਾਵਾਂ ਦੀ ਪੁਸ਼ਟੀ ਲਈ ਕੁਝ ਪੌਰਾਣਿਕ ਹਵਾਲੇ ਵੀ ਵਰਤੇ ਗਏ ਹਨ ।ਇਸ ਵਾਰ ਵਿਚ ਗੁਰੂ ਜੀ ਨੇ ਹੰਸ ਅਤੇ ਬਗਲੇ, ਗੁਰਮੁਖ ਅਤੇ ਮਨਮੁਖ ਆਦਿ ਵਿਰੋਧੀ ਤੱਤਾਂ ਦਾ ਪਰਸਪਰ ਦਵੰਦ ਵਿਖਾ ਕੇ ਵਾਰ ਵਿਚਲੇ ਤਨਾਉ ਨੂੰ ਦਰਸਾਇਆ ਹੈ।[18] ਇਸ ਪ੍ਰਕਾਰ ਇਹ ਵਾਰ ਵੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਰਨਾਂ ਵਾਰਾਂ ਵਾਂਗ ਗੁਰਮਤਿ ਦੇ ਸਿੱਧਾਤਾਂ ਦੀ ਪ੍ਰਸਤੁਤੀ ਕਰਨ ਦਾ ਕਾਰਜ ਕਰਦੀ ਹੈ ।

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗਾਂ ਵਿਚੋਂ ਅਗਲਾ ਰਾਗ ਸੋਰਠਿ ਹੈ ।'ਨਾਦ ਸ਼ਾਸਤਰ ਵਿਗਿਆਨਕਾਂ ਨੇ ਸੋਰਠ ਰਾਗ ਦੀ ਰਚਨਾ ਖਮਾਜ ਥਾਟ ਤੋਂ ਮੰਨੀ ਹੈ ।ਇਸ ਰਾਗ ਵਿਚ ਦੋਵੇਂ ਨਿਸ਼ਾਦ ਅਤੇ ਹੋਰ ਸੁਰ ਸ਼ੁੱਧ ਲੱਗਦੇ ਹਨ ।...ਇਹ ਗੰਭੀਰ ਪ੍ਰਕਿਰਤੀ ਦਾ ਰਾਗ ਹੈ ।ਇਸ ਰਾਗ ਦਾ ਵਾਦੀ ਸੁਰ ਰਿਸ਼ਭ ਅਤੇ ਸੰਵਾਦੀ ਪੰਚਮ ਹੈ ।ਇਸ ਰਾਗ ਦੇ ਗਾਉਣ ਦਾ ਸਮਾਂ ਰਾਤ ਦਾ ਦੂਜਾ ਪਹਿਰ ਹੈ ।[19] ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਦੇ ਅੰਤਰਗਤ ਗੁਰੂ ਰਾਮਦਾਸ ਰਚਿਤ 'ਸੋਰਠਿ ਕੀ ਵਾਰ ਮਹਲਾ 4 ਕੀ' ਵਾਰ ਦਰਜ ਹੈ।ਗੁਰੂ ਰਾਮਦਾਸ ਜੀ ਨੇ ਆਪਣੀਆਂ ਹੋਰਨਾਂ ਵਾਰਾਂ ਦੀ ਤਰ੍ਹਾਂ ਹੀ ਇਸ ਵਾਰ ਵਿਚ ਵੀ ਅਧਿਆਤਮਕ ਵਿਚਾਰਧਾਰਾ ਦੀ ਪ੍ਰਸਤੁਤੀ ਕਰਨ ਦਾ ਕਾਰਜ ਕੀਤਾ ਹੈ ।ਪਰਮਾਤਮਾ ਦੀ ਸਰਵਉੱਚਤਾ ਨੂੰ ਬਿਆਨਦਿਆਂ ਹੋਇਆਂ ਗੁਰੂ ਸਾਹਿਬ ਨੇ ਮਨੁੱਖ ਨੂੰ ਸੰਸਾਰਿਕ ਮੋਹ-ਮਾਇਆ ਤੋਂ ਨਿਰਲੇਪ ਰਹਿਕੇ ਨਾਮ ਸਾਧਨਾ ਵਿਚ ਲੀਨ ਹੋਣ ਲਈ ਉਪਦੇਸ਼ ਦਿੱਤਾ ਹੈ ।

ਜੈਤਸਰੀ ਰਾਗ ਵੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਇਕ ਮਹੱਤਵਪੂਰਨ ਰਾਗ ਹੈ ।ਇਸ ਰਾਗ ਵਿਚ ਗੁਰੂ ਅਰਜਨ ਦੇਵ ਜੀ ਨੇ 'ਜੈਤਸਰੀ ਮਹਲਾ 5 ਵਾਰ' ਸਿਰਲੇਖ ਤਹਿਤ ਵਾਰ ਦੀ ਰਚਨਾ ਕੀਤੀ ਹੈ । ਜੈਤਸਰੀ ਰਾਗ ਭਾਰਤੀ ਰਾਗ ਪਰੰਪਰਾ ਵਿਚ ਇਕ ਕਠਿਨ ਰਾਗ ਮੰਨਿਆਂ ਜਾਂਦਾ ਹੈ ।ਆਧੁਨਿਕ ਪ੍ਰਚਲਿਤ ਥਾਟ ਵਰਗੀਕਰਣ ਅਨੁਸਾਰ ਜੈਤਸਰੀ ਨੂੰ ਵਿਦਵਾਨਾਂ ਨੇ ਪੂਰਵੀ ਥਾਟ ਦੇ ਅੰਤਰਗਤ ਰੱਖਿਆ ਹੈ ।ਇਸ ਰਾਗ ਦੇ ਨਾਦਾਤਮਕ ਸਰੂਪ ਵਿਚ ਰਿਸ਼ਭ ਧੈਵਤ ਕੋਮਲ ਮੱਧਿਅਮ ਤੀਬਰ ਅਤੇ ਬਾਕੀ ਸੁਰ ਸ਼ੁੱਧ ਪ੍ਰਯੋਗ ਹੁੰਦੇ ਹਨ ।...ਜੈਤਸਰੀ ਰਾਗ ਨੂੰ ਸੰਗੀਤਕਾਰਾਂ ਨੇ ਸੰਧੀ ਪ੍ਰਕਾਸ਼ ਰਾਗਾਂ ਦੇ ਵਰਗ ਵਿਚ ਸ਼ਾਮਿਲ ਕੀਤਾ ਹੈ ।ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ਦਾ ਚੌਥਾ ਪਹਿਰ ਹੈ ।ਗੰਧਾਰਵਾਦੀ ਹੋਣ ਦੇ ਕਾਰਣ ਇਸਨੂੰ ਪੂਰਵਾਂਗਵਾਦੀ ਰਾਗ ਮੰਨਿਆਂ ਜਾਂਦਾ ਹੈ ।[20] ਇਸ ਵਾਰ ਵਿਚ ਵੀ ਗੁਰੂ ਅਰਜਨ ਦੇਵ ਜੀ ਨੇ ਗੁਰਮਤਿ ਚਿੰਤਨ ਦੇ ਵਿਭਿੰਨ ਪਰਿਪੇਖਾਂ ਨੂੰ ਪ੍ਰਸਤੁਤ ਕਰਨ ਦਾ ਕਾਰਜ ਕੀਤਾ ਹੈ।ਜੀਵਾਤਮਾ ਦੇ ਮੋਹ ਮਾਇਆ ਵਿਚ ਫਸ ਕੇ ਪਰਮਾਤਮਾ ਦੇ ਨਾਮ ਸਿਮਰਨ ਤੋਂ ਦੂਰ ਹੋਣ ਅਤੇ ਦੁੱਖਦਾਈ ਜੀਵਨ ਭੋਗਣ ਨੂੰ ਇਸ ਵਾਰ ਵਿਚ ਪ੍ਰਮੁਖਤਾ ਸਹਿਤ ਪੇਸ਼ ਕੀਤਾ ਗਿਆ ਹੈ ।ਗੁਰੂ ਜੀ ਮਾਨਵ ਨੂੰ ਉਪਦੇਸ਼ ਦਿੰਦਿਆਂ ਪਰਮਾਤਮਾ ਦਾ ਨਾਮ ਸਿਮਰਨ ਕਰਨ ਅਤੇ ਵਿਕਾਰਾਂ ਤੋਂ ਬਚਣ ਲਈ ਸੁਚੇਤ ਕਰਦੇ ਹਨ ।

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵਾਰਾਂ ਵਿਚ ਅਗਲੀ ਵਾਰ ਸੂਹੀ ਰਾਗ ਵਿਚ ਗੁਰੂ ਅਮਰਦਾਸ ਜੀ ਦੁਆਰਾ ਰਚੀ ਗਈ ਹੈ ।ਸੂਹੀ ਰਾਗ ਘੱਟ ਪ੍ਰਚਲਿਤ ਰਾਗਾਂ ਦੀ ਸ਼੍ਰੇਣੀ ਵਿਚ ਆਉਂਦਾ ਹੈ । ਇਹੀ ਕਾਰਨ ਹੈ ਕਿ ਇਸ ਰਾਗ ਬਾਰੇ ਸੰਗੀਤ ਦੇ ਗ੍ਰੰਥਾਂ ਵਿਚ ਜਾਣਕਾਰੀ ਦਾ ਆਭਾਵ ਹੈ ।ਫਿਰ ਵੀ ਇਸ ਰਾਗ ਬਾਰੇ ਜੋ ਜਾਣਕਾਰੀ ਪ੍ਰਾਪਤ ਹੁੰਦੀ ਹੈ ਉਸ ਅਨੁਸਾਰ 'ਸੂਹੀ ਬਿਲਾਵਲ ਅੰਗ ਦਾ ਰਾਗ ਹੈ । ਕੁਝ ਲੋਕ ਇਸਦਾ ਥਾਟ ਬਿਲਾਵਲ ਮੰਨਦੇ ਹਨ ।ਇਸ ਰਾਗ ਦੇ ਦੋ ਪ੍ਰਕਾਰ ਪ੍ਰਚਾਰ ਵਿਚ ਹਨ ।ਇਕ ਵਿਚ ਨਿਸ਼ਾਦ ਕੋਮਲ ਦੀ ਵਰਤੋਂ ਬਿਲਾਵਲ ਅੰਗ ਤੋਂ ਅਤੇ ਦੂਜੇ ਵਿਚ ਨਿਸ਼ਾਦ ਕੋਮਲ ਦੀ ਵਰਤੋਂ ਖਮਾਜ ਅੰਗ ਤੋਂ ਕੀਤੀ ਜਾਂਦੀ ਹੈ । ਇਸ ਰਾਗ ਵਿਚ ਦੋ ਨਿਸ਼ਾਦ ਅਤੇ ਹੋਰ ਸਭ ਸੁਰ ਸ਼ੁੱਧ ਲੱਗਦੇ ਹਨ ।ਇਸਦਾ ਵਾਦੀ ਸੁਰ ਪੰਚਮ ਅਤੇ ਸੰਵਾਦੀ ਸ਼ੰਡਜ ਹੈ ।ਇਸ ਰਾਗ ਦੀ ਜਾਤੀ ਸੰਪੂਰਣ-ਸੰਪੂਰਣ ਹੈ ।ਇਸਦੇ ਗਾਉਣ ਦਾ ਸਮਾਂ ਦਿਨ ਦਾ ਦੂਜਾ ਪਹਿਰ ਹੈ ।[21] ਇਸ ਰਾਗ ਵਿਚ ਰਚਿਤ ਵਾਰ 'ਵਾਰ ਸੂਹੀ ਕੀ ਮਹਲਾ 3' ਵਿਚ ਗੁਰੂ ਅਮਰਦਾਸ ਜੀ ਨੇ ਮਨੁੱਖ ਦੇ ਵਿਕਾਰਾਂ ਵਿਚ ਫਸਣ ਅਤੇ ਨਾਮ ਤੋਂ ਦੂਰ ਹੋਣ ਸੰਬੰਧੀ ਜ਼ਿਕਰ ਕੀਤਾ ਹੈ ।ਇਹਨਾਂ ਵਿਕਾਰਾਂ ਵਿਚੋਂ ਹਉਮੈ ਨੂੰ ਪ੍ਰਮੁਖਤਾ ਸਹਿਤ ਪ੍ਰਸਤੁਤ ਕੀਤਾ ਗਿਆ ਹੈ ।ਇਸ ਤੋਂ ਇਲਾਵਾ ਇਸ ਵਾਰ ਦੇ ਸਲੋਕਾਂ ਵਿਚ ਸਮਕਾਲੀਨ ਸਮਾਜ ਵਿਚ ਪ੍ਰਚਲਿਤ ਕੁਰੀਤੀਆਂ ਪ੍ਰਤੀ ਵੀ ਨਿਖੇਧਾਤਮਕ ਸੁਰ ਅਪਣਾਈ ਗਈ ਹੈ ।ਗੁਰੂ ਅਮਰਦਾਸ ਜੀ ਨੇ ਇਸ ਵਾਰ ਵਿਚ ਸਤੀ ਪ੍ਰਥਾ ਪ੍ਰਤੀ ਆਲੋਚਨਾਤਮਕ ਪਹੁੰਚ ਧਾਰਨ ਕੀਤੀ ਹੈ ।

ਬਿਲਾਵਲ ਰਾਗ ਵੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਰਾਗਾਂ ਵਿਚੋਂ ਇਕ ਮਹੱਤਵਪੂਰਨ ਰਾਗ ਹੈ। ਬਿਲਾਵਲ ਰਾਗ ਨੂੰ ਪ੍ਰਸਿਧ ਰਾਗਾਂ ਦੀ ਕੋਟੀ ਵਿਚ ਰੱਖਿਆ ਜਾਂਦਾ ਹੈ ਅਤੇ ਇਸਨੂੰ ਇਕ ਪ੍ਰਾਚੀਨ ਰਾਗ ਮੰਨਿਆਂ ਜਾਂਦਾ ਹੈ ।'ਬਿਲਾਵਲ, ਬਿਲਾਵਲ ਥਾਟ ਦਾ ਪ੍ਰਮੁਖ ਰਾਗ ਹੈ । ਇਸ ਰਾਗ ਵਿਚ ਸਭ ਸੁਰ ਸ਼ੁੱਧ ਲੱਗਦੇ ਹਨ ਪਰ ਕਦੇ ਕਦੇ ਧੈਵਤ ਦੇ ਸੰਯੋਗ ਨਾਲ ਨਿਸ਼ਾਦ ਕੋਮਲ ਕਣ ਦੇ ਰੂਪ ਵਿਚ ਅਵਰੋਹ ਵਿਚ ਲਿਆ ਜਾਂਦਾ ਹੈ ।ਕਈ ਵਿਦਵਾਨ ਇਸ ਰਾਗ ਵਿਚ ਕੋਮਲ ਨਿਸ਼ਾਦ ਦੀ ਸ਼ਪੱਸ਼ਟ ਵਰਤੋਂ ਵੀ ਕਰਦੇ ਹਨ ।ਕਈ ਲੇਖਕ ਇਸ ਰਾਗ ਵਿਚ ਕੋਮਲ ਗੰਧਾਰ ਦੀ ਵਰਤੋਂ ਕਰਨ ਦੇ ਹਾਮੀ ਹਨ ਪਰ ਬਹੁਸੰਖਿਆ ਵਿਚ ਸੰਗੀਤਕਾਰ ਇਸ ਵਿਚ ਸ਼ੁੱਧ ਗੰਧਾਰ ਹੀ

ਪ੍ਰਯੋਗ ਕਰਦੇ ਹਨ ।ਇਹ ਪ੍ਰਭਾਤ ਕਾਲ ਦਾ ਰਾਗ ਹੈ ਅਰਥਾਤ ਇਸਦੇ ਗਾਉਣ ਦਾ ਸਮਾਂ ਦਿਨ ਦਾ ਪਹਿਲਾ ਪਹਿਰ ਹੈ ।ਕਈ ਕਲਾਕਾਰ ਇਸ ਰਾਗ ਨੂੰ ਸਵੇਰ ਦਾ ਕਲਿਆਣ ਵੀ ਕਹਿੰਦੇ ਹਨ ।[22] ਇਸ ਰਾਗ ਵਿਚ ਗੁਰੂ ਰਾਮਦਾਸ ਜੀ ਦੀ'ਬਿਲਾਵਲ ਕੀ ਵਾਰ ਮਹਲਾ 4' ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ ।ਇਸ ਵਾਰ ਵਿਚ ਗੁਰੂ ਰਾਮਦਾਸ ਜੀ ਨੇ ਪਰਮਾਤਮਾ ਦੀ ਸਰਬ-ਵਿਆਪਕਤਾ ਨੂੰ ਬਿਆਨ ਕਰਦਿਆਂ ਮਨੁੱਖ ਨੂੰ ਉਸਦੇ ਭਾਣੇ ਵਿਚ ਚੱਲਣ ਲਈ ਪ੍ਰੇਰਿਤ ਕੀਤਾ ਹੈ ।ਮਨ ਦੀ ਇਕਾਗਰਤਾ ਦੇ ਚਲਦਿਆਂ ਹੀ ਪਰਮਾਤਮਾ ਦੇ ਨਾਮ ਸਿਮਰਨ ਨਾਲ ਜੁੜਿਆ ਜਾ ਸਕਦਾ ਹੈ ਅਤੇ ਇਸ ਸੰਦਰਭ ਵਿਚ ਪਰਮਾਤਮਾ ਦੀ ਕਿਰਪਾ ਦ੍ਰਿਸ਼ਟੀ ਅਤਿਅੰਤ ਲਾਜਮੀ ਹੈ।ਸਾਧ-ਸੰਗਤਿ ਦੇ ਮਹੱਤਵ ਨੂੰ ਵੀ ਇਸ ਵਾਰ ਵਿਚ ਉਭਰਵੇਂ ਰੂਪ ਵਿਚ ਅਭਿਵਿਅਕਤ ਕੀਤਾ ਗਿਆ ਹੈ ।

ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਰਾਗਾਂ ਵਿਚੋਂ ਬਸੰਤ ਰਾਗ ਇਕ ਅਜਿਹਾ ਰਾਗ ਹੈ ਜਿਸਦਾ ਸਿੱਧਾ ਸੰਬੰਧ ਰੁੱਤ ਦੇ ਨਾਲ ਜੁੜਦਾ ਹੈ ।ਬਸੰਤ ਦੀ ਰੁੱਤ ਵਿਚ ਗਾਏ ਜਾਣ ਵਾਲੇ ਇਸ ਰਾਗ ਨੂੰ ਰੁੱਤਕਾਲੀਨ ਰਾਗ ਮੰਨਿਆਂ ਜਾਂਦਾ ਹੈ ।'ਬਸੰਤ ਇਕ ਪੁਰਾਤਨ ਅਤੇ ਪ੍ਰਸਿਧ ਰਾਗ ਹੈ। ਪੁਰਾਤਨ, ਮੱਧਕਾਲੀਨ ਅਤੇ ਵਰਤਮਾਨ ਦੇ ਲਗਭਗ ਹਰੇਕ ਗ੍ਰੰਥਕਾਰ ਨੇ ਇਸ ਰਾਗ ਦਾ ਉਲੇਖ ਕੀਤਾ ਹੈ ।ਬਸੰਤ ਰਾਗ ਦੇ ਸਰੂਪ ਬਾਰੇ ਭਿੰਨ ਭਿੰਨ ਮਤ ਪ੍ਰਚਲਿਤ ਰਹੇ ਹਨ ।ਇਕ ਮਤ ਨੇ ਬਸੰਤ ਨੂੰ ਮਾਰਵਾ ਮੇਲ ਦਾ ਸੰਪੂਰਣ ਰਾਗ ਮੰਨਿਆਂ ਹੈ । ਦੂਜੇ ਨੇ ਥਾਟ ਮਾਰਵਾ, ਪੱਛਮ ਵਰਜਿਤ, ਤੀਜੇ ਨੇ ਪੂਰਵੀ ਥਾਟ ਕੇਵਲ ਤੀਬਰ ਮੱਧਿਅਮ ਅਤੇ ਚੌਥੇ ਨੇ ਥਾਟ ਪੂਰਵੀ ਅਤੇ ਮੱਧਿਅਮ ਦੋਵੇਂ ।[23] ਇਸ ਰਾਗ ਨੂੰ ਬਸੰਤ ਰੁੱਤ ਦੇ ਸਮੇਂ ਕਿਸੇ ਵੇਲੇ ਵੀ ਗਾਇਆ ਜਾ ਸਕਦਾ ਹੈ ਜਦਕਿ ਬਸੰਤ ਰੁੱਤ ਤੋਂ ਇਲਾਵਾ ਹੋਰਨਾਂ ਰੁੱਤਾਂ ਸਮੇਂ ਇਸਨੂੰ ਰਾਤ ਦੇ ਤੀਜੇ ਪਹਿਰ ਵਿਚ ਗਾਉਣ ਦਾ ਵਿਧਾਨ ਹੈ । ਬਸੰਤ ਰਾਗ ਵਿਚ ਗੁਰੂ ਅਰਜਨ ਦੇਵ ਜੀ ਨੇ 'ਬਸੰਤ ਕੀ ਵਾਰ ਮਹਲਾ 5' ਦੀ ਰਚਨਾ ਕੀਤੀ ਹੈ । ਗੁਰੂ ਸਾਹਿਬ ਨੇ ਇਸ ਵਾਰ ਵਿਚ ਬਸੰਤ ਦੀ ਰੁੱਤ ਵਿਚ ਪ੍ਰਕਿਰਤੀ ਦੀ ਸੁੰਦਰਤਾ ਦਾ ਵਰਣਨ ਕਰਦਿਆਂ ਮਨੁੱਖ ਨੂੰ ਅਜਿਹੇ ਖ਼ੂਬਸੂਰਤ ਵਾਤਾਵਰਣ ਵਿਚ ਪਰਮਾਤਮਾ ਦਾ ਨਾਮ ਸਿਮਰਨ ਕਰਨ ਦਾ ਉਪਦੇਸ਼ ਕੀਤਾ ਹੈ।ਇਸਦੇ ਨਾਲ ਹੀ ਉਹ ਇਹ ਵੀ ਦੱਸਦੇ ਹਨ ਕਿ ਜਿਹੜੀ ਜੀਵਾਤਮਾ ਪਰਮਾਤਮਾ ਦਾ ਮਿਲਾਪ ਹਾਸਿਲ ਕਰ ਲੈਂਦੀ ਹੈ ਪਰਮਾਤਮਾ ਉਸਦੇ ਸਾਰੇ ਵਿਕਾਰਾਂ ਨੂੰ ਖ਼ਤਮ ਕਰ ਦਿੰਦਾ ਹੈ ।ਇਸ ਤੋਂ ਇਲਾਵਾ ਇਸ ਵਾਰ ਵਿਚ ਗੁਰੂ ਜੀ ਇਹ ਵੀ ਦੱਸਦੇ ਹਨ ਕਿ ਪਰਮਾਤਮਾ ਆਪਣੇ ਪੈਦਾ ਕੀਤੇ ਸਾਰੇ ਜੀਵਾਂ ਨੂੰ ਨਾਮ ਸਿਮਰਨ ਕਰਨ ਦੀ ਦਾਤ ਵੀ ਖ਼ੁਦ ਹੀ ਦਿੰਦਾ ਹੈ ।

ਸਾਰੰਗ ਰਾਗ ਵੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗਾਂ ਵਿਚੋਂ ਇਕ ਮਹੱਤਵਪੂਰਨ ਰਾਗ ਹੈ ।ਇਹ ਭਾਰਤੀ ਸੰਗੀਤ ਵਿਚ ਇਕ ਪ੍ਰਚਲਿਤ ਰਾਗ ਹੈ ।'ਗ੍ਰੰਥਕਾਰਾਂ ਨੇ ਸਾਰੰਗ ਰਾਗ ਦੀ ਉਤਪਤੀ ਕਾਫ਼ੀ ਮੇਲ (ਥਾਟ) ਤੋਂ ਮੰਨੀ ਹੈ ।ਕਈ ਵਿਦਵਾਨ ਇਸ ਨੂੰ ਖਮਾਜ ਥਾਟ ਦਾ ਰਾਗ ਮੰਨਦੇ ਹਨ ਪਰੰਤੂ ਪਹਿਲਾ ਮੱਤ ਪ੍ਰਚਾਰ ਵਿਚ ਵਧੇਰੇ ਹੈ ।ਆਚਾਰੀਆ ਨੇ ਇਸ ਨੂੰ ਰਾਗਾਂਗ ਰਾਗ ਮੰਨਿਆ ਹੈ ।...ਇਸ ਰਾਗ ਵਿਚ ਦੋ ਨਿਸ਼ਾਦ, ਗੰਧਾਰ ਅਤੇ ਧੈਵਤ ਵਰਜਿਤ ਅਤੇ ਹੋਰ ਸੁਰ ਸ਼ੁੱਧ ਲੱਗਦੇ ਹਨ ।ਇਸ ਦੇ ਆਰੋਹ ਵਿਚ ਨਿਸ਼ਾਦ ਸ਼ੁੱਧ ਅਤੇ ਅਵਰੋਹ ਵਿਚ ਕੋਮਲ ਨਿਸ਼ਾਦ ਲੱਗਦਾ ਹੈ ।ਇਸ ਦਾ ਵਾਦੀ ਸੁਰ ਰਿਸ਼ਭ ਅਤੇ ਸੰਵਾਦੀ ਪੰਚਮ ਹੈ।ਦੋ ਸੁਰ ਵਰਜਿਤ ਹੋਣ ਕਾਰਣ ਇਸ ਦੀ ਜਾਤੀ ਔਡਵ-ਔਡਵ ਹੈ ।ਕਈ ਸੰਗੀਤਕਾਰ ਇਸ ਰਾਗ ਵਿਚ ਧੈਵਤ ਸੁਰ ਦਾ ਅਲਪ ਪ੍ਰਯੋਗ ਉਚਿਤ ਸਮਝਦੇ ਹਨ ਪਰੰਤੂ ਇਸ ਸੁਰ ਦੀ ਹੋਂਦ ਇਸ ਵਿਚ ਨਾ ਦੇ ਸਮਾਨ ਹੈ ।ਰਿਸ਼ਭਵਾਦੀ ਹੋਣ ਦੇ ਨਾਤੇ ਸੰਗੀਤਕਾਰਾਂ ਨੇ ਇਸਨੂੰ ਪੂਰਵਾਂਗ

ਰਾਗਾਂ ਦੇ ਵਰਗ ਵਿਚ ਰੱਖਿਆ ਹੈ ।ਇਸ ਦੇ ਗਾਉਣ ਦਾ ਸਮਾਂ ਦੁਪਹਿਰ ਦਾ ਹੈ ।ਸਧਾਰਣ ਬੋਲਚਾਲ ਵਿਚ ਇਸ ਨੂੰ ਬ੍ਰਿੰਦਾਬਨੀ ਸਾਰੰਗ ਵੀ ਕਹਿੰਦੇ ਹਨ ।ਲੋਕ ਗੀਤਾਂ ਦੀਆਂ ਸਧਾਰਣ ਧੁਨਾਂ ਤੋਂ ਲੈ ਕੇ ਸ਼ਾਸਤਰੀ ਸੰਗੀਤ ਦੀਆਂ ਸਭ ਗਾਇਨ ਸ਼ੈਲੀਆਂ ਇਸ ਰਾਗ ਵਿਚ ਭਲੀ ਭਾਂਤ ਗਾਈਆਂ ਜਾਂਦੀਆਂ ਹਨ ।[24] ਇਸ ਰਾਗ ਵਿਚ ਗੁਰੂ ਰਾਮਦਾਸ ਰਚਿਤ 'ਸਾਰੰਗ ਕੀ ਵਾਰ ਮਹਲਾ 4' ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ।ਇਸ ਵਾਰ ਵਿਚ ਗੁਰੂ ਸਾਹਿਬ ਨੇ ਪਰਮਾਤਮਾ ਦੇ ਨਾਮ ਸਿਮਰਨ ਦੀ ਮਹੱਤਤਾ ਦਾ ਵਰਣਨ ਕਰਦਿਆਂ ਮਨੁੱਖ ਨੂੰ ਸੱਚੇ ਮਨ ਨਾਲ ਪਰਮਾਤਮਾ ਦੀ ਬੰਦਗੀ ਕਰਨ ਦਾ ਉਪਦੇਸ਼ ਦਿੱਤਾ ਹੈ ।ਗੁਰੂ ਰਾਮਦਾਸ ਜੀ ਇਹ ਵੀ ਦੱਸਦੇ ਹਨ ਕਿ ਜੇਕਰ ਮਨੁੱਖ ਸੰਸਾਰਿਕ ਮੋਹ ਮਾਇਆ ਵਿਚ ਖ਼ਚਿਤ ਰਹੇ ਤਾਂ ਉਹ ਆਵਾਗਮਨ ਦੇ ਚੱਕਰ ਵਿਚ ਫਸਿਆ ਰਹਿੰਦਾ ਹੈ ।ਇਸ ਸਭ ਤੋਂ ਮੁਕਤ ਹੋਣ ਲਈ ਪਰਮਾਤਮਾ ਦਾ ਨਾਮ ਹੀ ਇੱਕੋ-ਇੱਕ ਸਾਧਨ ਹੈ ।

ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਮਲਾਰ ਰਾਗ ਇਕ ਪ੍ਰਸਿਧ ਰਾਗ ਦੇ ਤੌਰ ਤੇ ਜਾਣਿਆਂ ਜਾਂਦਾ ਹੈ।ਇਸ ਰਾਗ ਨੂੰ ਰੁੱਤ-ਕਾਲੀਨ ਰਾਗ ਦੇ ਤੌਰ ਤੇ ਜਾਣਿਆ ਜਾਂਦਾ ਹੈ ।ਇਸ ਰਾਗ ਦਾ ਗਾਇਨ ਵਰਖਾ ਰੁੱਤ ਦੇ ਸਮੇਂ ਕੀਤਾ ਜਾਂਦਾ ਹੈ ।'ਗੁਰਮਤਿ ਸੰਗੀਤ ਪਰੰਪਰਾ ਵਿਚ ਇਸਦਾ ਸਰਵਪ੍ਰਮਾਣਿਤ ਸਰੂਪ ਮੰਨਿਆਂ ਗਿਆ ਹੈ।ਇਸ ਰਾਗ ਵਿਚ ਦੋਵੇਂ ਨਿਸ਼ਾਦ ਅਤੇ ਬਾਕੀ ਸੁਰ ਸ਼ੁੱਧ ਲੱਗਦੇ ਹਨ ।ਇਸ ਦੀ ਜਾਤੀ ਸੰਪੂਰਨ-ਸੰਪੂਰਨ ਹੈ ।ਇਸਦਾ ਵਾਦੀ ਸੁਰ ਮਧਿਅਮ ਅਤੇ ਸੰਵਾਦੀ ਸੁਰ ਸ਼ੜਜ ਹੈ ।ਇਸਦਾ ਗਾਇਨ ਸਮਾਂ ਰਾਤ ਦਾ ਤੀਸਰਾ ਪਹਿਰ ਅਤੇ ਬਰਸਾਤ ਦੀ ਰੁੱਤ ਵਿਚ ਹਰ ਸਮੇਂ ਦਾ ਹੈ ।[25] ਇਸ ਰਾਗ ਵਿਚ ਗੁਰੂ ਨਾਨਕ ਦੇਵ ਜੀ ਨੇ 'ਵਾਰ ਮਲਾਰ ਕੀ ਮਹਲਾ 1' ਦੀ ਰਚਨਾ ਕੀਤੀ ਹੈ ।ਇਸ ਵਾਰ ਨਾਲ ਅੰਕਿਤ ਸੰਕੇਤ 'ਰਾਣੇ ਕੈਲਾਸ਼ ਤਥਾ ਮਾਲਦੇਉ ਕੀ ਧੁਨੀ' ਇਸ ਨੂੰ ਰਾਣੇ ਕੈਲਾਸ਼ ਅਤੇ ਮਾਲਦੇਉ ਦੀ ਪ੍ਰਸਿਧ ਲੋਕ ਵਾਰ ਦੀ ਧੁਨੀ ਉਪਰ ਗਾਉਣ ਦੀ ਹਦਾਇਤ ਦਾ ਪ੍ਰਮਾਣ ਹੈ ।ਗੁਰੂ ਨਾਨਕ ਦੇਵ ਜੀ ਨੇ ਇਸ ਵਾਰ ਵਿਚ ਦੱਸਿਆ ਹੈ ਕਿ ਸਾਰੀ ਸ੍ਰਿਸ਼ਟੀ ਦਾ ਕਰਤਾ ਕੇਵਲ ਪਰਮਾਤਮਾ ਹੈ ।ਪਰੰਤੂ ਮਨੁੱਖ ਇਸ ਸ੍ਰਿਸ਼ਟੀ ਦੇ ਕਰਤਾ ਪਰਮਾਤਮਾ ਨੂੰ ਭੁੱਲ ਕੇ ਮਾਇਆ ਵਿਚ ਖ਼ਚਿਤ ਹੋ ਜਾਂਦਾ ਹੈ ।ਮਨੁੱਖ ਨੂੰ ਮੋਹ ਮਾਇਆ ਤੋਂ ਨਿਰਲੇਪ ਰਹਿਕੇ ਕੇਵਲ ਪਰਮਾਤਮਾ ਦੇ ਨਾਮ ਸਿਮਰਨ ਵਿਚ ਲੀਨ ਰਹਿਣਾ ਚਾਹੀਦਾ ਹੈ ।ਇਸ ਵਾਰ ਦੇ ਸਲੋਕਾਂ ਵਿਚ ਗੁਰੂ ਜੀ ਨੇ ਤੱਤਕਾਲੀਨ ਸਮਾਜ ਵਿਚ ਪ੍ਰਚਲਿਤ ਧਾਰਮਿਕ ਕਰਮਕਾਂਡਾਂ, ਰਾਜਨੀਤਕ ਪਰਿਸਥਿਤੀਆਂ ਅਤੇ ਹੋਰ ਸਮਾਜਿਕ ਕੁਰੀਤੀਆਂ ਦੇ ਅਭਿਵਿਅੰਜਨ ਦਾ ਕਾਰਜ ਕੀਤਾ ਹੈ ।

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਅੰਤਿਮ ਵਾਰ ਗੁਰੂ ਰਾਮਦਾਸ ਰਚਿਤ 'ਕਾਨੜੇ ਕੀ ਵਾਰ ਮਹਲਾ 4' ਹੈ । ਇਸ ਵਾਰ ਨੂੰ ਪ੍ਰਸਿਧ ਲੋਕ ਵਾਰ 'ਮੂਸੇ ਕੀ ਵਾਰ' ਦੀ ਧੁਨੀ ਉੱਪਰ ਗਾਉਣ ਦਾ ਨਿਰਦੇਸ਼ ਦਿੱਤਾ ਗਿਆ ਹੈ ।ਕਾਨੜਾ ਇਕ ਪ੍ਰਸਿਧ ਰਾਗ ਹੈ । 'ਕਾਨੜੇ ਦੇ ਨਾਦ ਰੂਪ ਦੀ ਓਤਪਤੀ ਵਿਦਵਾਨਾਂ ਨੇ ਕਾਫੀ ਥਾਟ ਤੋਂ ਮੰਨੀ ਹੈ । ਇਸ ਰਾਗ ਦੇ ਨਾਦਾਤਮਕ ਸਰੂਪ ਵਿਚ ਗੰਧਾਰ ਕੋਮਲ, ਦੋਵੇਂ ਨਿਸ਼ਾਦ ਅਤੇ ਹੋਰ ਸੁਰ ਸ਼ੁੱਧ ਲੱਗਦੇ ਹਨ ।ਇਸਦੇ ਆਰੋਹ ਵਿਚ ਧੇਵਤ ਵਰਜਿਤ ਹੈ ਅਤੇ ਅਵਰੋਹ ਵਿਚ ਧੈਵਤ ਅਤੇ ਗੰਧਾਰ ਵਕਰ ਢੰਗ ਨਾਲ ਪ੍ਰਯੋਗ ਕੀਤੇ ਜਾਂਦੇ ਹਨ ।ਇਸ ਕਾਰਣ ਇਸਦੀ ਜਾਤੀ ਸ਼ਾਡਵ-ਵਕਰ ਸੰਪੂਰਣ ਹੈ ।ਇਸਦੇ ਗਾਉਣ ਦਾ ਸਮਾਂ ਰਾਤ ਦਾ ਦੂਜਾ ਪਹਿਰ ਹੈ ।[26] ਇਸ ਰਾਗ ਵਿਚ ਰਚਿਤ ਵਾਰ ਵਿਚ ਗੁਰੂ ਰਾਮਦਾਸ ਜੀ ਨੇ ਗੁਰਮਤਿ ਚਿੰਤਨ ਦੇ ਵਿਭਿੰਨ ਸੰਕਲਪਾਂ ਦੀ ਅਭਿਵਿਅਕਤੀ ਕੀਤੀ ਹੈ । ਗੁਰੂ ਸਾਹਿਬ ਪਰਮਾਤਮਾ ਦੀ ਉਸਤਤਿ ਕਰਦਿਆਂ ਓਸਨੂੰ ਸਮੁੱਚੇ ਬ੍ਰਹਿਮੰਡ ਦਾ

ਰਚਨਾਕਾਰ ਦੱਸਦੇ ਹਨ ।ਗੁਰੂ ਜੀ ਮਨੁੱਖ ਨੂੰ ਸੱਚੇ ਪਰਮਾਤਮਾ ਦਾ ਨਾਮ ਸਿਮਰਨ ਕਰਨ ਦਾ ਉਪਦੇਸ਼ ਕਰਦਿਆਂ ਨਾਮ ਨੂੰ ਹੀ ਜੀਵਨ ਮੁਕਤੀ ਦਾ ਮਾਧਿਅਮ ਦਰਸਾਉਂਦੇ ਹਨ ।

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵਾਰਾਂ ਦੇ ਰਾਗ-ਪ੍ਰਬੰਧ ਦਾ ਅਧਿਐਨ ਕਰਦਿਆਂ ਇਹ ਤੱਥ ਦ੍ਰਿਸ਼ਟਮਾਨ ਹੁੰਦਾ ਹੈ ਕਿ ਇਹਨਾਂ ਵਾਰਾਂ ਵਿਚ ਰਾਗਾਂ ਨੂੰ ਪ੍ਰਮੁਖਤਾ ਪ੍ਰਦਾਨ ਕੀਤੀ ਗਈ ਹੈ ।ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਹੋਰ ਬਾਣੀ-ਰੂਪ ਕਿਸੇ ਨਾ ਕਿਸੇ ਸਿਰਲੇਖ ਤਹਿਤ ਸ਼ੁਰੂ ਹੁੰਦੇ ਹਨ ਜਿਵੇਂ ਬਾਰਹਮਾਹ ਮਾਂਝ ਮਹਲਾ 5, ਛੰਤ ਮਹਲਾ 1, ਅਸਟਪਦੀਆ ਮਹਲਾ 1, ਸੋਲਹੇ ਮਹਲਾ 1, ਬਾਵਨ ਅਖਰੀ ਮਹਲਾ 5, ਮਹਲਾ 4 ਵਣਜਾਰਾ । ਇਹਨਾਂ ਸਿਰਲੇਖਾਂ ਵਿਚ ਪ੍ਰਮੁੱਖਤਾ ਸੰਬੰਧਿਤ ਕਾਵਿ-ਰੂਪ ਨੂੰ ਮਿਲਦੀ ਹੈ ਅਰਥਾਤ ਇੱਥੇ ਰਾਗ ਗੌਣ ਰੂਪ ਵਿਚ ਪ੍ਰਸਤੁਤ ਹੁੰਦਾ ਹੈ ।ਪਰੰਤੂ ਜਦੋਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵਾਰਾਂ ਉੱਪਰ ਧਿਆਨ ਕੇਂਦਰਿਤ ਕੀਤਾ ਜਾਂਦਾ ਹੈ ਤਾਂ ਇੱਥੇ ਵਾਰ ਕਾਵਿ-ਰੂਪ ਦੀ ਰਚਨਾ ਰਾਗ ਨੂੰ ਪ੍ਰਮੁਖ ਰੱਖਕੇ ਕੀਤੀ ਗਈ ਹੁੰਦੀ ਹੈ ।ਮਿਸਾਲ ਵਜੋਂ ਸਿਰੀ ਰਾਗ ਕੀ ਵਾਰ ਮਹਲਾ 4, ਗਉੜੀ ਕੀ ਵਾਰ ਮਹਲਾ4, ਗਉੜੀ ਕੀ ਵਾਰ ਮਹਲਾ 5, ਆਸਾ ਮਹਲਾ 1ਵਾਰ ਸਲੋਕਾਂ ਨਾਲਿ, ਗੂਜਰੀ ਕੀ ਵਾਰ ਮਹਲਾ 3, ਗੂਜਰੀ ਕੀ ਵਾਰ ਮਹਲਾ 5, ਬਿਹਾਗੜੇ ਕੀ ਵਾਰ ਮਹਲਾ 4 ਆਦਿ ਵਾਰਾਂ ਵਿਚ ਰਾਗ ਨੂੰ ਪ੍ਰਮੁਖਤਾ ਪ੍ਰਦਾਨ ਕਰਦਿਆਂ ਇਹਨਾਂ ਵਾਰਾਂ ਦੇ ਸਿਰਲੇਖ ਰਾਗ ਅਧਾਰਿਤ ਰੱਖੇ ਗਏ ਹਨ ।ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਵਾਰਾਂ ਵਿਚ ਰਾਗਾਂ ਨੂੰ ਮਹੱਤਵ ਪ੍ਰਦਾਨ ਕਰਦਿਆਂ ਵਾਰਾਂ ਦੇ ਸਿਰਲੇਖਾਂ ਵਿਚ ਰਾਗਾਂ ਨੂੰ ਪ੍ਰਮੁਖਤਾ ਪ੍ਰਦਾਨ ਕੀਤੀ ਗਈ ਹੈ ।

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵਾਰਾਂ ਵਿਚ ਜਿੱਥੇ ਭਾਰਤੀ ਸੰਗੀਤ ਪਰੰਪਰਾ ਵਿਚ ਮਿਲਦੇ ਸ਼ਾਸਤਰੀ ਰਾਗਾਂ ਨੂੰ ਲਿਆ ਗਿਆ ਹੈ ਉੱਥੇ ਕੁਝ ਰਾਗ ਅਜਿਹੇ ਵੀ ਹਨ ਜੋ ਖੇਤਰੀ ਰਾਗ ਹਨ ਅਤੇ ਇਹਨਾਂ ਦਾ ਜ਼ਿਕਰ ਸੰਗੀਤ ਦੇ ਗ੍ਰੰਥਾਂ ਵਿਚ ਹੋਇਆ ਨਹੀਂ ਮਿਲਦਾ ।ਇਹ ਰਾਗ ਵੱਖ-ਵੱਖ ਖਿੱਤਿਆਂ ਵਿਚ ਸਥਾਨਕ ਪੱਧਰ ’ਤੇ ਵਰਤੇ ਜਾਂਦੇ ਸਨ।ਉਦਾਹਰਨ ਵਜੋਂ ਮਾਝ ਰਾਗ ਕੇਵਲ ਮਾਝੇ ਦੇ ਖਿੱਤੇ ਵਿਚ ਗਾਇਆ ਜਾਂਦਾ ਸੀ ।ਅਸਲ ਵਿਚ ਇਹ ਰਾਗ ਮਾਝੇ ਦੇ ਖੇਤਰ ਵਿਚ ਪ੍ਰਚਲਿਤ ਲੋਕ ਧੁਨ ਤੋਂ ਵਿਗਸਿਆ ਹੈ ।ਗੁਰੂ ਨਾਨਕ ਦੇਵ ਜੀ ਨੇ ਇਸ ਲੋਕ ਧੁਨ ਨੂੰ ਲੈ ਕੇ ਸ਼ਾਸਤਰੀ ਪੱਧਤੀ ਦੇ ਰਾਗ ਮਾਝ ਦੀ ਸਿਰਜਣਾ ਕਰ ਦਿੱਤੀ ।ਇਸ ਪ੍ਰਕਾਰ ਮਾਝ ਰਾਗ ਸੰਗੀਤ ਖੇਤਰ ਨੂੰ ਗੁਰੂ ਨਾਨਕ ਦੇਵ ਜੀ ਦੀ ਦੇਣ ਹੈ ।ਇਸੇ ਪ੍ਰਕਾਰ ਹੋਰ ਰਾਗ ਜਿਵੇਂ ਰਾਗ ਆਸਾ, ਕਾਨੜਾ ਅਤੇ ਸਾਰੰਗ ਦੀ ਉਤਪਤੀ ਵੀ ਵਿਸ਼ੇਸ਼ ਖੇਤਰਾਂ ਵਿਚ ਪ੍ਰਚਲਿਤ ਲੋਕ ਧੁਨਾਂ ਦੇ ਅਧਾਰ ਤੇ ਹੋਈ ਮੰਨੀ ਜਾਂਦੀ ਹੈ ।ਆਸਾ ਰਾਗ ਜਿਸਦਾ ਪੁਰਾਤਨ ਗ੍ਰੰਥਾਂ ਵਿਚ ਉਲੇਖ ਨਹੀਂ ਮਿਲਦਾ ਸੰਬੰਧੀ ‘ਕੁਝ ਲੋਕਾਂ ਦਾ ਵਿਚਾਰ ਹੈ ਕਿ ਆਸਾ ਰਾਗ ਦੀ ਸਿਰਜਣਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤੀ ।ਕੁਝ ਹੋਰ ਲੇਖਕਾਂ ਦਾ ਮਤ ਹੈ ਕਿ ਆਸਾ ਦਾ ਆਰੰਭ ਪੰਜਾਬ ਦੀ ਇਕ ਲੋਕ ਧੁਨ ਦੇ ਅਧਾਰ ’ਤੇ ਹੋਇਆ ।[27] ਇਸ ਤਰ੍ਹਾਂ ਆਸਾ ਰਾਗ ਦੀ ਉਤਪਤੀ ਪੰਜਾਬ ਦੀ ਇਕ ਲੋਕ ਧੁਨ ਤੋਂ ਹੋਈ ਮੰਨੀ ਜਾਂਦੀ ਹੈ ।ਭਾਵੇਂ ਕਿ ਸ਼ੇਖ ਫ਼ਰੀਦ ਨੇ ਆਸਾ ਰਾਗ ਨੂੰ ਬਾਣੀ ਰਚਨਾ ਲਈ ਵਰਤਿਆ ਸੀ ਪਰੰਤੂ ਇਸਨੂੰ ਸ਼ਾਸਤਰੀ ਰੂਪ ਪ੍ਰਦਾਨ ਕਰਨ ਅਤੇ ਇਸ ਵਿਚ ਪਹਿਲੀ ਵਾਰ ‘ਵਾਰ’ ਕਾਵਿ-ਰੂਪ ਦੀ ਸਿਰਜਣਾ ਕਰਨ ਦਾ ਕਾਰਜ ਗੁਰੂ ਨਾਨਕ ਦੇਵ ਜੀ ਦੁਆਰਾ ਹੀ ਕੀਤਾ ਗਿਆ ।ਇਸ ਪ੍ਰਕਾਰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਵਾਰਾਂ ਅਜਿਹੇ ਰਾਗਾਂ ਵਿਚ ਵੀ ਰਚੀਆਂ ਗਈਆਂ ਹਨ ਜਿਨ੍ਹਾਂ ਦੀ ਉਤਪਤੀ ਲੋਕ ਧੁਨਾਂ ਤੋਂ ਹੋਈ ਅਤੇ ਸੰਗੀਤ ਦੇ ਗ੍ਰੰਥਾਂ ਵਿਚ ਇਹਨਾਂ ਰਾਗਾਂ ਦੇ ਹਵਾਲਿਆਂ ਦੀ ਅਣਹੋਂਦ ਹੈ ।

ਇਸਦੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵਾਰਾਂ ਦੀ ਇਕ ਵਿਲੱਖਣਤਾ ਇਹ ਵੀ ਹੈ ਕਿ ਭਾਵੇਂ ਇਸ ਗ੍ਰੰਥ ਵਿਚ ਸ਼ਾਮਿਲ ਵਾਰਾਂ ਨੂੰ ਸ਼ਾਸਤਰੀ ਰਾਗ ਪ੍ਰਬੰਧ ਅਧੀਨ ਰੱਖਿਆ ਗਿਆ ਹੈ ਪਰੰਤੂ ਇਸਦੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਵਿਚ ਨੌਂ ਅਜਿਹੀਆਂ ਵਾਰਾਂ ਵੀ ਦਰਜ ਹਨ ਜਿੰਨ੍ਹਾਂ ਨੂੰ ਪਰੰਪਰਾਗਤ ਲੋਕ ਵਾਰਾਂ ਦੀਆਂ ਧੁਨੀਆਂ ਉੱਪਰ ਗਾਉਣ ਦਾ ਨਿਰਦੇਸ਼ ਦਿੱਤਾ ਗਿਆ ਹੈ ।ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੇ ਸੰਪਾਦਨ ਸਮੇਂ ਇਹਨਾਂ ਵਾਰਾਂ ਨਾਲ ਲੋਕ ਵਾਰਾਂ ਦੀਆਂ ਧੁਨੀਆਂ ਨੂੰ ਜੋੜ ਦਿੱਤਾ ਅਤੇ ਇਹਨਾਂ ਨੌਂ ਵਾਰਾਂ ਅੱਗੇ '...ਵਾਰ ਕੀ ਧੁਨੀ ਗਾਵਣੀ' ਦਾ ਨਿਰਦੇਸ਼ਮੂਲਕ ਸੰਕੇਤ ਵੀ ਅੰਕਿਤ ਕਰ ਦਿੱਤਾ ।ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਭਾਵੇਂ ਭਾਰਤੀ ਪਰੰਪਰਾ ਵਿਚ ਪ੍ਰਚਲਿਤ ਰਾਗਾਂ ਨੂੰ ਅਧਾਰ ਬਣਾਕੇ ਰਚੀਆਂ ਗਈਆਂ ਪਰ ਇਹਨਾਂ ਨੂੰ ਲੋਕ ਵਾਰਾਂ ਦੀਆਂ ਧੁਨੀਆਂ ਉੱਪਰ ਗਾਉਣ ਦਾ ਨਿਰਦੇਸ਼ ਸਨਾਤਨੀ ਪਰੰਪਰਾ ਅਤੇ ਲੋਕ ਪਰੰਪਰਾ ਦੇ ਸੁਮੇਲ ਦਾ ਸੂਚਕ ਹੈ ।

ਉਪਰੋਕਤ ਵਿਚਾਰ ਚਰਚਾ ਦੇ ਅਧਾਰ ਤੇ ਸਿੱਧ ਹੁੰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਬਾਣੀਕਾਰਾਂ ਨੇ ਆਪਣੇ ਆਸ਼ੇ ਅਨੁਕੂਲ ਨਾ ਕੇਵਲ ਵਾਰ ਦੇ ਰੂਪਕ ਪੱਖ ਵਿਚ ਹੀ ਤਬਦੀਲੀਆਂ ਕੀਤੀਆਂ ਸਗੋਂ ਇਹ ਤਬਦੀਲੀਆਂ ਵਿਚਾਰਧਾਰਾਈ ਪੱਧਰ ਉੱਪਰ ਵਾਪਰਦੀਆਂ ਵੀ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਇਸ ਗ੍ਰੰਥ ਵਿਚ ਦਰਜ ਵਾਰਾਂ ਦਾ ਰਾਗ ਪ੍ਰਬੰਧ ਸਨਾਤਨੀ ਪਰੰਪਰਾ ਅਤੇ ਲੋਕ ਪਰੰਪਰਾ ਦਾ ਸੰਮਿਲਨ ਕਰਕੇ ਆਪਣਾ ਸਰੂਪ ਧਾਰਦਾ ਹੈ ।ਇਸ ਪ੍ਰਕਾਰ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਰਾਗ-ਪ੍ਰਬੰਧ ਦੇ ਪਰਿਪੇਖ ਤੋਂ ਵੀ ਵਿਲੱਖਣਤਾ ਦੀਆਂ ਧਾਰਨੀ ਸਿੱਧ ਹੁੰਦੀਆਂ ਹਨ ।

## ਹਵਾਲੇ ਅਤੇ ਟਿੱਪਣੀਆਂ


1. **ਵਿਸਮਾਦੁ ਨਾਦ** ਗੁਰਮਤਿ ਸੰਗੀਤ ਵਿਸ਼ੇਸ਼ ਅੰਕ,ਗੁਰਦੁਆਰਾ ਗੁਰ ਗਿਆਨ ਪ੍ਰਕਾਸ਼, ਜਵੱਦੀ ਟਕਸਾਲ ਲੁਧਿਆਣਾ, ਅਕਤੂਬਰ 1992 ਪੰਨਾ 22

2. ਡਾ. ਗੁਰਨਾਮ ਸਿੰਘ, **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ**, ਪੰਜਾਬੀ ਯੂਨੀਵਰਸਿਟੀ ਪਟਿਆਲਾ, 2000 ਪੰਨਾ 68

3. ਦੇਵਿੰਦਰ ਸਿੰਘ ਵਿਦਿਆਰਥੀ, **ਗੁਰਬਾਣੀ ਦੇ ਰਾਗ ਸੰਬੋਧ ਅਤੇ ਸਾਰਥਕਤਾ**, ਸਿਖ ਇਤਿਹਾਸ ਖੋਜ ਵਿਭਾਗ, ਖਾਲਸਾ ਕਾਲਜ ਅਮ੍ਰਿਤਸਰ, 1986, ਪੰਨਾ 18

4. ਰਤਨ ਸਿੰਘ ਜੱਗੀ,**ਗੁਰੂ ਗ੍ਰੰਥ ਵਿਸ਼ਵਕੋਸ਼** (ਭਾਗ ਦੂਜਾ) ਪੰਜਾਬੀ ਯੂਨੀਵਰਸਿਟੀ ਪਟਿਆਲਾ, 2002, ਪੰਨਾ 428

5. ਡਾ. ਗੁਰਨਾਮ ਸਿੰਘ (ਸੰਪਾ.), **ਗੁਰਮਤਿ ਸੰਗੀਤ: ਵਿਭਿੰਨ ਪਰਿਪੇਖ**, ਪੰਜਾਬੀ ਯੂਨੀਵਰਸਿਟੀ ਪਟਿਆਲਾ, 1995 ਪੰਨਾ 13

6. ਰਤਨ ਸਿੰਘ ਜੱਗੀ,**ਗੁਰੂ ਗ੍ਰੰਥ ਵਿਸ਼ਵਕੋਸ਼** (ਭਾਗ ਦੂਜਾ) ਪੰਜਾਬੀ ਯੂਨੀਵਰਸਿਟੀ ਪਟਿਆਲਾ, 2002, ਪੰਨਾ 475

7. ਯੋਗੇਂਦਰਪਾਲ ਸ਼ਰਮਾਂ ਅਤੇ ਬਚਿੱਤਰ ਸਿੰਘ **ਭਾਰਤੀ ਸੰਗੀਤ ਦਾ ਇਤਿਹਾਸ**, ਪੰਜਾਬੀ ਯੂਨੀਵਰਸਿਟੀ ਪਟਿਆਲਾ, 1988, ਪੰਨਾ 193

8. ਡਾ. ਗੁਰਨਾਮ ਸਿੰਘ, **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ**, ਪੰਜਾਬੀ ਯੂਨੀਵਰਸਿਟੀ ਪਟਿਆਲਾ, 2000 ਪੰਨਾ 11

9. ਪ੍ਰੋ. ਤਾਰਾ ਸਿੰਘ, **ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ,** ਪੰਜਾਬੀ ਯੂਨੀਵਰਸਿਟੀ ਪਟਿਆਲਾ, 1991, ਪੰਨਾ 194

10. ਰਤਨ ਸਿੰਘ ਜੱਗੀ, **ਗੁਰੂ ਗ੍ਰੰਥ ਵਿਸ਼ਵਕੋਸ਼** (ਭਾਗ ਪਹਿਲਾ) ਪੰਜਾਬੀ ਯੂਨੀਵਰਸਿਟੀ ਪਟਿਆਲਾ, 2002, ਪੰਨਾ 372

11. ਪ੍ਰੋ. ਕਰਤਾਰ ਸਿੰਘ, **ਗੁਰਮਤਿ ਸੰਗੀਤ ਦਰਪਣ,** (ਭਾਗ ਪਹਿਲਾ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ, 2003, ਪੰਨਾ 109-10

12. ਕਾਨ੍ਹ ਸਿੰਘ ਨਾਭਾ, **ਗੁਰੁਸ਼ਬਦ ਰਤਨਾਕਰ ਮਹਾਨ ਕੋਸ਼**, ਨੈਸ਼ਨਲ ਬੁੱਕ ਸ਼ਾਪ ਦਿੱਲੀ, 2004 ਪੰਨਾ 966

13. ਰਤਨ ਸਿੰਘ ਜੱਗੀ, **ਗੁਰੂ ਗ੍ਰੰਥ ਵਿਸ਼ਵਕੋਸ਼** (ਭਾਗ ਪਹਿਲਾ) ਪੰਜਾਬੀ ਯੂਨੀਵਰਸਿਟੀ ਪਟਿਆਲਾ, 2002, ਪੰਨਾ 197

14. ਪ੍ਰੋ. ਤਾਰਾ ਸਿੰਘ, **ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ,** ਪੰਜਾਬੀ ਯੂਨੀਵਰਸਿਟੀ ਪਟਿਆਲਾ, 1991, ਪੰਨਾਂ 15

15. ਉਹੀ , ਪੰਨਾ 71

16. ਡਾ. ਗੁਰਨਾਮ ਸਿੰਘ, **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ**, ਪੰਜਾਬੀ ਯੂਨੀਵਰਸਿਟੀ ਪਟਿਆਲਾ, 2000 ਪੰਨਾ 100

17. ਪ੍ਰੋ. ਤਾਰਾ ਸਿੰਘ, **ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ,** ਪੰਜਾਬੀ ਯੂਨੀਵਰਸਿਟੀ ਪਟਿਆਲਾ, 1991, ਪੰਨਾ 103

18. ਰਤਨ ਸਿੰਘ ਜੱਗੀ,**ਗੁਰੂ ਗ੍ਰੰਥ ਵਿਸ਼ਵਕੋਸ਼** (ਭਾਗ ਦੂਜਾ) ਪੰਜਾਬੀ ਯੂਨੀਵਰਸਿਟੀ ਪਟਿਆਲਾ, 2002, ਪੰਨਾ 469

19. ਪ੍ਰੋ. ਤਾਰਾ ਸਿੰਘ, **ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ,** ਪੰਜਾਬੀ ਯੂਨੀਵਰਸਿਟੀ ਪਟਿਆਲਾ, 1991, ਪੰਨਾ 113

20. ਉਹੀ, ਪੰਨਾ 122

21. ਉਹੀ, ਪੰਨਾ 149

22. ਉਹੀ, ਪੰਨਾਂ 170

23. ਉਹੀ, ਪੰਨਾ 266

24. ਉਹੀ ਪੰਨਾ 283

25. ਰੋਜ਼ਾਨਾ ਅਜੀਤ ਧਰਮ ਅਤੇ ਵਿਰਸਾ ਅੰਕ 12 ਜੂਨ 2012

26. ਪ੍ਰੋ. ਤਾਰਾ ਸਿੰਘ, **ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ,** ਪੰਜਾਬੀ ਯੂਨੀਵਰਸਿਟੀ ਪਟਿਆਲਾ, 1991, ਪੰਨਾ 307

27. ਉਹੀ, ਪੰਨਾ 70